ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 179 Wednesday, September 18, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper — THE ONLY DAILY PUNJABI NEWS — ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Royal Canadian Realty, Brokerage
Hardeep Sivia BROKER
647-970-7374
www.HardeepSivia.com


# ਕੰਜ਼ਰਵੇਟਿਵਾਂ ਦੇ ਮੁਕਾਬਲੇ ਕਿਫਾਇਤੀ ਹਾਊਸਿੰਗ 'ਤੇ 19 ਫੀ ਸਦੀ ਘੱਟ ਖਰਚ ਰਹੇ ਹਨ ਟਰੂਡੋ



ਟੋਰਾਂਟੋ, 17 ਸਤੰਬਰ (ਪੋਸਟ ਬਿਊਰੋ) : ਪਾਰਲੀਆਮੈਂਟਰੀ ਬਜਟ ਆਫਿਸ ਦਾ ਕਹਿਣਾ ਹੈ ਕਿ ਟਰੂਡੋ ਦੀ ਯੋਜਨਾ ਤਹਿਤ ਕੁੱਲ ਘਰੇਲੂ ਉਤਪਾਦ ਦੀ ਪ੍ਰਤੀਸ਼ਤ ਦੇ ਹਿਸਾਬ ਨਾਲ ਕਿਫਾਇਤੀ ਘਰਾਂ ਉੱਤੇ ਲਿਬਰਲ ਪਾਰਟੀ ਵੱਲੋਂ ਕੀਤਾ ਜਾ ਰਿਹਾ ਖਰਚਾ ਹਾਰਪਰ ਦੀ ਯੋਜਨਾ ਨਾਲੋਂ 19 ਫੀ ਸਦੀ ਘੱਟ ਹੈ।

ਇਸ ਦੌਰਾਨ ਵੱਡੀਆਂ ਕਾਰਪੋਰੇਸ਼ਨਜ਼ ਨੂੰ ਟਰੂਡੋ 14 ਬਿਲੀਅਨ ਡਾਲਰ ਵਾਧੂ ਦੇ ਰਹੇ ਹਨ। ਪਿੱਛੇ ਜਿਹੇ ਯੂਨੀਵਰਸਿਟੀ ਆਫ ਟੋਰਾਂਟੋ ਦੇ ਪ੍ਰੋਫੈਸਰ ਡੇਵਿਡ ਹਲਚਾਂਸਕੀ ਨੇ ਆਖਿਆ ਕਿ ਲਿਬਰਲ ਪਾਰਟੀ ਤੇ ਸੀਐਮਐਚਸੀ ਨੇ ਇਸ ਸਾਰੀ ਰਕਮ ਨੂੰ ਮਿਲਾ ਕੇ ਇੰਜ ਪੇਸ਼ ਕੀਤਾ ਹੈ ਜਿਵੇਂ ਕੋਈ ਵੱਡੀ ਡੀਲ ਹੋ ਰਹੀ ਹੋਵੇ। ਪਰ ਫੈਡਰਲ ਬਜਟ ਦੇ ਹਿਸਾਬ ਨਾਲ ਹਾਊਸਿੰਗ ਸਬੰਧੀ ਲੋੜਾਂ ਨੂੰ ਪੂਰਾ ਕਰਨ ਤੇ ਹਾਊਸਿੰਗ ਉੱਤੇ ਇਸ ਸਮੇਂ ਕੀਤਾ ਜਾ ਰਿਹਾ ਖਰਚਾ ਬਹੁਤ ਹੀ ਘੱਟ ਹੈ।

ਪਿਛਲੇ ਹਫਤੇ ਆਈ ਇੱਕ ਰਿਪੋਰਟ ਵਿੱਚ ਮਾਹਿਰ ਇਸ ਗੱਲ ਉੱਤੇ ਸਹਿਮਤ ਹੋਏ ਕਿ ਬੇਘਰੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਨਾਲ ਨਜਿੱਠਣ ਲਈ ਟਰੂਡੋ ਵੱਲੋਂ ਸ਼ਾਇਦ ਹੀ ਕੋਈ ਮਦਦ ਕੀਤੀ ਗਈ ਹੋਵੇ। ਇਹ ਵੀ ਆਖਿਆ ਗਿਆ ਕਿ ਜਸਟਿਨ ਟਰੂਡੋ ਦੀਆਂ ਮਿੱਠੀਆਂ ਗੱਲਾਂ ਨਾਲ ਘਰ ਨਹੀਂ ਬਣਨ ਵਾਲੇ। ਦੂਜੇ ਪਾਸੇ ਲੋਕਾਂ ਲਈ 500,000 ਮਿਆਰੀ ਤੇ ਕਿਫਾਇਤੀ ਹਾਊਸਿੰਗ ਯੂਨਿਟਸ ਲਈ ਐਨਡੀਪੀ ਆਗੂ ਜਗਮੀਤ ਸਿੰਘ ਕੋਲ ਨਵੀਂ ਡੀਲ ਹੈ। ਜਗਮੀਤ ਸਿੰਘ ਨੇ ਆਖਿਆ ਕਿ ਦੇਸ਼ ਭਰ ਵਿੱਚ ਆਪਣੇ ਸਿਰ ਉੱਤੇ ਛੱਤ ਤਲਾਸ਼ਣ ਲਈ ਲੋਕਾਂ ਨੂੰ ਕਾਫੀ ਸੰਘਰਸ਼ ਕਰਨਾ ਪੈਂਦਾ ਹੈ। ਇਹ ਯਕੀਨੀ ਬਣਾਉਣ ਲਈ ਕਿ ਹਰ ਕਿਸੇ ਕੋਲ ਸੇਫ ਤੇ ਕਿਫਾਇਤੀ ਘਰ ਹੋਵੇ ਸਾਨੂੰ ਕਾਫੀ ਕੁੱਝ ਕਰਨ ਦੀ ਲੋੜ ਹੈ। ਇਸੇ ਲਈ ਐਨਡੀਪੀ ਕਿਫਾਇਤੀ ਘਰਾਂ ਨੂੰ ਆਪਣੀ ਮੁੱਖ ਤਰਜੀਹ ਬਣਾਵੇਗੀ ਤੇ ਕਮਿਊਨਿਟੀਜ਼ ਨਾਲ ਰਲ ਕੇ ਮੌਜੂਦਾ ਹਾਊਸਿੰਗ ਦਾ ਪਸਾਰ ਕਰੇਗੀ ਤੇ ਇਸ ਵਿੱਚ ਸੁਧਾਰ ਕਰੇਗੀ, ਊਰਜਾ ਦੀ ਮੰਗ ਘਟਾਵੇਗੀ, ਰੋਜ਼ਗਾਰ ਦੇ ਮੌਕੇ ਪੈਦਾ ਕਰੇਗੀ ਤਾਂ ਕਿ ਹਰ ਮਹੀਨੇ ਲੋਕ ਪੈਸੇ ਦੀ ਬਚਤ ਕਰ ਸਕਣ।

# ਬਾਰਡਰ ਸਕਿਊਰਿਟੀ ਵੱਲੋਂ 40 ਕਿੱਲੋ ਅਫੀਮ ਬਰਾਮਦ



ਟੋਰਾਂਟੋ, 17 ਸਤੰਬਰ (ਪੋਸਟ ਬਿਊਰੋ) : ਗਰਮ ਪਾਣੀ ਵਾਲੀਆਂ ਟੈਂਕੀਆਂ ਵਿੱਚ ਲੁਕੋ ਕੇ ਟੋਰਾਂਟੋ ਲਿਆਂਦੇ ਜਾ ਰਹੇ 40 ਕਿਲੋ ਅਫੀਮ ਦੀ ਦੂਹਰੀ ਖੇਪ ਦਾ ਪਰਦਾਫਾਸ਼ ਹੋਣ ਉਪਰੰਤ ਓਨਟਾਰੀਓ ਦੇ ਅਧਿਕਾਰੀਆਂ ਵੱਲੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਆਰਸੀਐਮਪੀ ਵੱਲੋਂ ਜਾਰੀ ਰਲੀਜ਼ ਵਿੱਚ ਆਖਿਆ ਗਿਆ ਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐਸਏ) ਦੇ ਅਧਿਕਾਰੀਆਂ ਨੂੰ ਮਿਸੀਸਾਗਾ ਵਿੱਚ ਅਫੀਮ ਦੀਆਂ ਦੋ ਖੇਪਾਂ ਮਿਲੀਆਂ ਜੋ ਕਿ 22 ਅਗਸਤ ਤੇ ਪਹਿਲੀ ਸਤੰਬਰ ਨੂੰ ਇਰਾਕ ਤੋਂ ਭੇਜੀਆਂ ਗਈਆਂ ਸਨ। ਆਰਸੀਐਮਪੀ ਨੇ ਦੱਸਿਆ ਕਿ 5 ਸਤੰਬਰ ਨੂੰ ਅਧਿਕਾਰੀ ਮਿਸੀਸਾਗਾ ਵਿੱਚ ਕੰਮ ਦੇ ਸਿਲਸਿਲੇ ਨਾਲ ਗਏ ਸਨ ਕਿ ਉਨ੍ਹਾਂ ਵੇਖਿਆ ਕਿ ਤਿੰਨ ਵਿਅਕਤੀ ਇੱਕ ਖੇਪ ਨੂੰ ਖੋਲ੍ਹਣ ਦੀ ਕੋਸਿਸ ਕਰ ਰਹੇ ਸਨ। ਪੁਲਿਸ ਵੱਲੋਂ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿੱਚ ਨਜਰ ਆਉਂਦਾ ਹੈ ਕਿ ਕਈ ਗ੍ਰੇਅ ਰੰਗ ਦੇ ਬੈਗ ਪਏ ਹਨ ਜਿਨ੍ਹਾਂ ਵਿੱਚ ਅਫੀਮ ਹੈ। ਇਸ ਤੋਂ ਹੀ ਹੈਰੋਈਨ ਵੀ ਬਣਾਈ ਜਾਂਦੀ ਹੈ। ਇਹ ਅਫੀਮ ਗਰਮ ਪਾਣੀ ਵਾਲੀਆਂ ਟੈਂਕੀਆਂ ਤੇ ਬੁਆਇਲਰ ਵਿੱਚ ਤੁੰਨੀ ਹੋਈ ਸੀ। ਆਰਸੀਐਮਪੀ ਦੇ ਇੰਸਪੈਕਟਰ ਬੈਰੀ ਡੋਲਨ, ਜੋ ਕਿ ਟੋਰਾਂਟੋ ਇੰਟਰਨੈਸਨਲ ਏਅਰਪੋਰਟ ਡਿਟੈਚਮੈਂਟ ਦੇ ਇਨ ਚਾਰਜ ਹਨ, ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਦੌਰਾਨ 61 ਸਾਲਾ, 48 ਸਾਲਾ ਤੇ 40 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਹੁਣ ਤੱਕ ਹੈਕ ਨਹੀਂ ਕੀਤਾ ਗਿਆ ਵੋਟਿੰਗ ਡਾਟਾ : ਚੀਫ ਇਲੈਕਟੋਰਲ ਅਧਿਕਾਰੀ



ਟੋਰਾਂਟੋ, 17 ਸਤੰਬਰ (ਪੋਸਟ ਬਿਊਰੋ) : ਚੋਣਾਂ ਤੋਂ ਠੀਕ ਪਹਿਲਾਂ ਲਾਗੂ ਕੀਤੇ ਗਏ ਨਵੇਂ ਕਾਨੂੰਨ ਨਾਲ ਸਕਿਊਰਿਟੀ ਏਜੰਸੀਆਂ ਤੇ ਚੀਫ ਇਲੈਕਟੋਰਲ ਅਧਿਕਾਰੀ ਨੂੰ ਚੋਣਾਂ ਸਬੰਧੀ ਸੰਵੇਦਨਸ਼ੀਲ ਬੁਨਿਆਦੀ ਢਾਂਚੇ ਉੱਤੇ ਹੋਣ ਵਾਲੇ ਸਾਈਬਰ ਹਮਲਿਆਂ ਖਿਲਾਫ ਨਵੀਂਆਂ ਤੇ ਅਹਿਮ ਸ਼ਕਤੀਆਂ ਮਿਲ ਗਈਆਂ ਹਨ।

ਚੋਣਾਂ ਸ਼ੁਰੂ ਹੋਣ ਤੋਂ ਪਹਿਲਾਂ ਦਿੱਤੀ ਗਈ ਇੱਕ ਇੰਟਰਵਿਊ ਵਿੱਚ ਕੈਨੇਡਾ ਦੇ ਚੀਫ ਇਲੈਕਟੋਰਲ ਆਫੀਸਰ ਸਟੀਫਨ ਪੇਰਾਲਟ ਨੇ ਪਹਿਲੀ ਵਾਰੀ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਜੇ ਤੱਕ ਕੋਈ ਵੀ ਸਾਈਬਰ ਹਮਲੇ ਦਾ ਪਤਾ ਨਹੀਂ ਲਾਇਆ ਗਿਆ ਹੈ। ਅਜੇ ਤੱਕ ਕਿਸੇ ਵੱਲੋਂ ਵੀ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਲੈਕਸ਼ਨਜ਼ ਕੈਨੇਡਾ ਦੇ ਬੁਲਾਰੇ ਵੱਲੋਂ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਹ ਗੱਲ ਸੱਚ ਹੈ ਕਿ ਚੋਣ ਪ੍ਰਕਿਰਿਆ ਸ਼ੁਰੂ ਹੋਣ ਤੋਂ ਐਨੇ ਦਿਨ ਬਾਅਦ ਵੀ ਇਸ ਤਰ੍ਹਾਂ ਦੀ ਕੋਈ ਘਟਨਾ ਨਹੀਂ ਵਾਪਰੀ।

ਪਰ ਇਹੀ ਕਾਨੂੰਨ ਸਿਆਸੀ ਪਾਰਟੀਆਂ ਉੱਤੇ ਇਹ ਦਬਾਅ ਨਹੀਂ ਪਾਉਂਦਾ ਕਿ ਉਹ ਸਾਈਬਰ ਹਮਲੇ ਦੀ ਰਿਪੋਰਟ ਕਰਨ ਅਤੇ ਪਾਰਟੀਆਂ ਦੇ ਡਾਟਾਬੇਸ ਦੀ ਹਿਫਾਜ਼ਤ ਕਰਨ ਦੀ ਕੈਨੇਡੀਅਨ ਸਕਿਊਰਿਟੀ ਅਸਟੈਬਲਿਸ਼ਮੈਂਟ ਦੀ ਕਾਬਲੀਅਤ ਦੀ ਵਰਤੋਂ ਕਰਨ ਤੋਂ ਉਸ ਨੂੰ ਰੋਕਦੀ ਹੈ। ਲਿਬਰਲ ਤੇ ਕੰਜ਼ਰਵੇਟਿਵਾਂ ਨੇ ਅਟੈਨਸ਼ਨ ਕੰਟਰੋਲ ਨੂੰ ਦੱਸਿਆ ਕਿ ਉਹ ਆਪਣੇ ਵੱਲੋਂ ਸਕਿਊਰਿਟੀ ਲਈ ਚੁੱਕੇ ਕਦਮਾਂ ਬਾਰੇ ਵਿਚਾਰ ਵਟਾਂਦਰਾ ਨਹੀਂ ਕਰਦੇ। ...ਬਾਕੀ ਪੰਨਾ 6 'ਤੇ

# ਗੁਰਮਿਤ ਵਿਚਾਰ ਸਮਾਗਮ



ਗੁਰਦੁਆਰਾ Sikh Spiritual ਸੈਂਟਰ ਵਿਖੇ ਗੁਰਮਤਿ ਸਮਾਗਮ ਚਲ ਰਹੇ ਹਨ, ਜੋ 20 ਸਤੰਬਰ ਤੱਕ ਚੱਲਣਗੇ। ਜਿਸ ਵਿਚ ਭਾਈ ਪਰਮਜੀਤ ਸਿੰਘ ਜੀ ਖਾਲਸਾ ਸ੍ਰੀ ਆਨੰਦਪੁਰ ਸਾਹਿਬ ਵਾਲੇ ਸੰਗਤਾਂ ਨੂੰ ਸਿੱਖ ਇਤਿਹਾਸ ਤੇ ਗੁਰ ਮਰਿਯਾਦਾ ਨਾਲ ਜੋੜ ਰਹੇ ਹਨ। ਇਸ ਸੰਬੰਧ 'ਚ ਸੰਗਤਾਂ ਬੇਨਤੀ ਹੈ ਕਿ ਗੁਣਬਾਣੀ, ਸਿੱਖ ਇਤਿਹਾਸ ਨਾਲ ਜੁੜਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ। 647 907 6505 ਅਤੇ 647 801 9850


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE — A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance — ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance • Walkie pallet • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PEST PROBLEM ?
Residential & Commercial
All Pest Control
MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO


Laddi



647-575-6102
Email: apexconstruc16@gmail.com

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਿਵਜ਼ ਦੀ ਲੋੜ

ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।

ਸੰਪਰਕ: 905-793-2202

PUNJABI POST
NOW HIRING!
SALES EXECUTIVES

Salary + Commison, Potential to earn $50,000/Year, Must have Own Car, Fluent in English & Punjabi.

Send your resume at: balwinder@punjabipost.ca
Call Punjabi Post: 905.793.2202

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?


Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street — BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,


12 Bluffmeadow Street — BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com

Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment


Dr. Samreet Kaur Randhawa
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




RPC
Royal Pizza & Curry Hut

11am - 11pm | 7 Days a Week
184 Main Street South,
Unit D., Brampton



$8.97 +Tax
X-Large (16") Fully Loaded Pizza *With 5 Toppings (Any)

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM

905-450-2777
647-906-3295

Kotakpura Aata Chicken
Get $5 Off with Special Coupon from PunjabiPost
WAS $25 NOW $20




Data everywhere.
No surprise charges anywhere.

chatr™
AUTHORIZED DEALER

379 Main St. North, Brampton, ON
2456 Lake shore Blvd W., Etobicoke, ON
905-451-0379

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਮੁੜ ਕੇ ਆਈ ਆਹ ਖਬਰ ਇਰਾਨ ਵੱਲੋਂ,
ਦਬਕਾ ਦਿੱਤਾ ਅਮਰੀਕਾ ਨੇ ਮਾਰ ਮੀਆਂ।
ਸਾਊਦੀ ਅਰਬ 'ਤੇ ਹਮਲੇ ਦਾ ਚੁੱਕ ਮੁੱਦਾ,
ਚੜ੍ਹਿਆ ਕਈਆਂ ਨੂੰ ਪਿਆ ਬੁਖਾਰ ਮੀਆਂ।
ਗੁੱਸੇ ਵਿੱਚ ਕੁਝ ਡੋਨਲਡ ਟਰੰਪ ਲੱਗਦਾ,
ਕਹਿੰਦੇ ਹੋ ਗਿਆ ਹੱਦਾਂ ਤੋਂ ਪਾਰ ਮੀਆਂ।
ਵੱਟਦਾ ਪਿਆ ਈਰਾਨ ਵੱਲ ਘੂਰੀਆਂ ਉਹ,
ਵਧ ਗਿਆ ਜਾਪਦਾ ਫੇਰ ਤਕਰਾਰ ਮੀਆਂ।
ਜਿਹੜੇ ਦੇਸ਼ 'ਤੇ ਕੀਤਾ ਹੈ ਗਿਆ ਹਮਲਾ,
ਉਸ ਨੇ ਕੱਢੀ ਨਹੀਂ ਭਾਫ-ਭੜਾਸ ਮੀਆਂ।
ਬੜ੍ਹਕਦਾ ਪਿਆ ਟਰੰਪ ਫਿਰ ਬਹੁਤ ਦੂਰੋਂ,
ਤੋਪਾਂ ਵਿਕਣ ਦੀ ਉਹਨੂੰ ਹੈ ਆਸ ਮੀਆਂ।

ਤੀਸ ਮਾਰ ਖਾਂ

# ਲਿਬਰਲਾਂ ਦੀ ਅਗਵਾਈ ਵਿੱਚ ਬਰੈਂਪਟਨ ਵਾਸੀਆਂ ਦਾ ਘਰ ਖਰੀਦਣ ਦਾ ਸੁਪਨਾ ਹੋਵੇਗਾ ਸਾਕਾਰ : ਰੂਬੀ ਸਹੋਤਾ



ਬਰੈਂਪਟਨ, 17 ਸਤੰਬਰ (ਪੋਸਟ ਬਿਊਰੋ) : "ਜਦੋਂ ਮੇਰੇ ਮਾਪੇ ਪਹਿਲੀ ਵਾਰੀ ਕੈਨੇਡਾ ਇਮੀਗ੍ਰੇਟ ਹੋਏ ਸਨ ਤਾਂ ਉਨ੍ਹਾਂ ਦੇ ਕੈਨੇਡੀਅਨ ਸੁਪਨੇ ਦਾ ਵੱਡਾ ਹਿੱਸਾ ਇੱਥੇ ਘਰ ਲੈਣਾ ਸੀ। ਸਾਡੇ ਰੁਦਰਫੋਰਡ ਡਰਾਈਵ ਵਾਲੇ ਘਰ ਵਿੱਚ ਹੀ ਆਪਣੀ ਵੱਡੀ ਭੈਣ ਤੇ ਨਿੱਕੇ ਭਰਾ ਨਾਲ ਮੇਰੀਆਂ ਬਚਪਨ ਦੀਆਂ ਯਾਦਾਂ ਜੁੜੀਆਂ ਹੋਈਆਂ ਹਨ। ਇਹੀ ਉਹ ਘਰ ਸੀ ਜਿੱਥੇ ਮੇਰੀ ਮਾਂ ਦਿਨ ਭਰ ਕੰਮ ਕਰਨ ਤੋਂ ਬਾਅਦ ਥੋੜ੍ਹੀ ਦੇਰ ਲਈ ਆਰਾਮ ਕਰਦੀ ਸੀ। ਇਸੇ ਘਰ ਵਿੱਚ ਹੀ ਜਦੋਂ ਸ਼ਾਮ ਨੂੰ ਮੇਰੇ ਪਿਤਾ ਜੀ ਖਬਰਾਂ ਸੁਣਦੇ ਵੇਖਦੇ ਸਨ ਤਾਂ ਮੈਂ ਵੀ ਉਨ੍ਹਾਂ ਦੇ ਨਾਲ ਬੈਠ ਕੇ ਖਬਰਾਂ ਵੇਖਦੀ ਸੀ ਅਤੇ ਇੱਥੋਂ ਹੀ ਸਿਆਸਤ ਲਈ ਮੇਰੇ ਅੰਦਰ ਪਿਆਰ ਜਾਗਿਆ। ਅੱਜ ਜਿਸ ਘਰ ਵਿੱਚ ਰਹਿ ਕੇ ਮੈਂ ਆਪਣੇ ਛੋਟੇ ਬੇਟੇ ਦੀ ਪਰਵਰਿਸ਼ ਕਰ ਰਹੀ ਹਾਂ, ਆਪਣੀ ਟੀਮ ਨਾਲ ਜੁੜ ਕੇ ਇੱਕ ਵਾਰੀ ਮੁੜ ਬਰੈਂਪਟਨ ਨੌਰਥ ਤੋਂ ਤੁਹਾਡੀ ਨੁਮਾਇੰਦਗੀ ਕਰਨ ਲਈ ਲਿਬਰਲ ਮੈਂਬਰ ਆਫ ਪਾਰਲੀਆਮੈਂਟ ਵਜੋਂ ਕੰਮ ਕਰ ਰਹੀ ਹਾਂ ਉਹ ਘਰ ਮੇਰੇ ਲਈ ਕਾਫੀ ਮਾਇਨੇ ਰੱਖਦਾ ਹੈ।" ਇਹ ਗੱਲ ਬਰੈਂਪਟਨ ਨੌਰਥ ਤੋਂ ਲਿਬਰਲ ਉਮੀਦਵਾਰ ਰੂਬੀ ਸਹੋਤਾ ਨੇ ਆਖੀ।

ਉਨ੍ਹਾਂ ਆਖਿਆ ਕਿ ਉਨ੍ਹਾਂ ਦੇ ਹਿਸਾਬ ਨਾਲ ਹਰ ਕੋਈ ਸੇਫ ਤੇ ਕਿਫਾਇਤੀ ਘਰ ਦਾ ਹੱਕਦਾਰ ਹੈ। ਸਹੋਤਾ ਨੇ ਅੱਗੇ ਆਖਿਆ ਕਿ ਪਿਛਲੇ ਚਾਰ ਸਾਲਾਂ ਵਿੱਚ ਓਟਵਾ ਵਿੱਚ ਉਨ੍ਹਾਂ ਕਈ ਵਾਰੀ ਕਿਫਾਇਤੀ ਘਰਾਂ ਦਾ ਮੁੱਦਾ ਉਠਾਇਆ। ਉਨ੍ਹਾਂ ਆਖਿਆ ਕਿ ਇਸ ਗੱਲ ਦਾ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਨੂੰ ਫੈਡਰਲ ਲਿਬਰਲ ਸਰਕਾਰ ਦੀ ਨੈਸ਼ਨਲ ਹਾਊਸਿੰਗ ਸਟਰੈਟੇਜੀ ਦੀ ਪੈਰਵੀ ਕਰਨ ਦਾ ਮੌਕਾ ਮਿਲਿਆ। ਸਹੋਤਾ ਨੇ ਅੱਗੇ ਆਖਿਆ ਕਿ ਇਸ ਨੈਸ਼ਨਲ ਸਟਰੈਟੇਜੀ ਰਾਹੀਂ ਸਾਡੀ ਲਿਬਰਲ ਸਰਕਾਰ ਕੈਨੇਡਾ ਭਰ ਦੇ ਪਰਿਵਾਰਾਂ ਲਈ ਘਰਾਂ ਦੀ ਮਲਕੀਅਤ ਦੇ ਸੁਪਨੇ ਨੂੰ ਸੱਚ ਕਰਨ ਵਿੱਚ ਲੱਗੀ ਹੋਈ ਹੈ।

ਸਹੋਤਾ ਨੇ ਆਖਿਆ ਕਿ ਜਿਨ੍ਹਾਂ ਨੌਜਵਾਨਾਂ ਨੇ ਉਨ੍ਹਾਂ ਦੇ ਕਰੀਅਰ ਅਤੇ ਜੌਬ ਫੇਅਰ ਵਿੱਚ ਹਿੱਸਾ ਲਿਆ ਸੀ, ਸਾਡੀ ਬਰੈਂਪਟਨ ਨੌਰਥ ਯੂਥ ਕਾਊਂਸਲ ਤੋਂ ਫੀਡਬੈਕ ਹਾਸਲ ਕੀਤੀ ਸੀ, ਡੋਰ ਨੌਕਿੰਗ ਕਰਦੇ ਸਮੇਂ ਜਿਹੜੇ ਪਰਿਵਾਰਾਂ ਨਾਲ ਅਸੀਂ ਮਿਲੇ ਸੀ, ਸਾਨੂੰ ਪਤਾ ਹੈ ਕਿ ਬਰੈਂਪਟਨ ਦੀ ਮਹਿੰਗੀ ਹਾਊਸਿੰਗ ਮਾਰਕਿਟ ਨੂੰ ਲੈ ਕੇ ਉਹ ਚਿੰਤਤ ਹਨ। ਦਿਨੋਂ ਦਿਨ ਘਰ ਖਰੀਦਣ ਦਾ ਸੁਪਨਾ ਹੋਰ ਚੁਣੌਤੀਆਂ ਭਰਿਆ ਹੋਣ ਕਾਰਨ ਵੀ ਪਰਿਵਾਰ ਪਰੇਸ਼ਾਨ ਹਨ।

ਇਨ੍ਹਾਂ ਚਿੰਤਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ ਹੀ ਫੈਡਰਲ ਲਿਬਰਲ ਸਰਕਾਰ ਵੱਲੋਂ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਲਈ ਪਹਿਲੇ ਘਰ ਦੀ ਖਰੀਦ ਉੱਤੇ ਦਸ ਫੀ ਸਦੀ ਦੀ ਛੋਟ ਦਿੱਤੀ ਗਈ ਹੈ। ਬਰੈਂਪਟਨ ਵਰਗੇ ਸਹਿਰਾਂ ਲਈ, ਜਿੱਥੇ ਕੌਮੀ ਔਸਤ ਦੇ ਮੁਕਾਬਲੇ ਘਰਾਂ ਦੀ ਔਸਤ ਕੀਮਤ 60 ਫੀ ਸਦੀ ਜਿਆਦਾ ਹੈ, ਸਾਡੀ ਫੈਡਰਲ ਸਰਕਾਰ ਮੁੜ ਸੱਤਾ ਵਿੱਚ ਆਉਣ ਉੱਤੇ 789,000 ਡਾਲਰ ਦੇ ਘਰ ਉੱਤੇ ਇੰਸੈਟਿਵਜ ਹੋਰ ਵਧਾਵੇਗੀ। ਇਸ ਇਨਸੈਂਟਿਵ ਨਾਲ ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨੂੰ ਡਾਊਨ ਪੇਅਮੈਂਟ ਵਿੱਚ ਵਾਧਾ ਕੀਤੇ ਬਿਨਾਂ ਆਪਣੀ ਮਹੀਨਾਵਾਰੀ ਮਾਰਗੇਜ ਦੀ ਅਦਾਇਗੀ ਘਟਾਉਣ ਵਿੱਚ ਮਦਦ ਮਿਲੇਗੀ।

ਸਹੋਤਾ ਨੇ ਦੱਸਿਆ ਕਿ ਸਾਡੀ ਲਿਬਰਲ ਸਰਕਾਰ ਅਗਲੇ ਦਸ ਸਾਲਾਂ ਲਈ ਕੈਨੇਡਾ ਦੀ ਪਹਿਲੀ ਨੈਸ਼ਨਲ ਹਾਊਸਿੰਗ ਸਟਰੈਟੇਜੀ ਵੀ ਲਾਂਚ ਕਰੇਗੀ। ਜਿਸ ਨਾਲ 600,000 ਕੈਨੇਡੀਅਨਾਂ ਨੂੰ ਰਹਿਣ ਲਈ ਸੇਫ ਤੇ ਕਿਫਾਇਤੀ ਥਾਂ ਮਿਲੇਗੀ, 2028 ਤੱਕ 140,000 ਹੋਰ ਰਿਹਾਇਸ਼ੀ ਯੂਨਿਟਸ ਦੇ ਨਿਰਮਾਣ ਲਈ ਫੰਡ ਮਿਲਣਗੇ ਅਤੇ 300,000 ਹੋਰ ਕੈਨੇਡੀਅਨਾਂ ਨੂੰ ਕੈਨੇਡਾ ਹਾਊਸਿੰਗ ਬੈਨੇਫਿਟ ਹੋ ਸਕੇਗਾ। ਸਹੋਤਾ ਨੇ ਆਖਿਆ ਕਿ ਲਿਬਰਲ ਸਰਕਾਰ ਦੇ ਇਸ ਉਪਰਾਲੇ ਨਾਲ ਹੁਣ ਵੀ ਕੈਨੇਡੀਅਨਾਂ ਲਈ ਘਰ ਖਰੀਦਣ ਦਾ ਸੁਪਨਾ ਉਸੇ ਤਰ੍ਹਾਂ ਸਾਕਾਰ ਹੋਵੇਗਾ ਜਿਵੇਂ ਉਨ੍ਹਾਂ ਦੇ ਪਰਿਵਾਰ ਤੇ ਮਾਪਿਆਂ ਲਈ ਘਰ ਖਰੀਦਣ ਦਾ ਸੁਪਨਾ ਪਹੁੰਚ ਵਿੱਚ ਸੀ। ਉਨ੍ਹਾਂ ਆਖਿਆ ਕਿ ਉਹ ਲਿਬਰਲ ਪਾਰਟੀ ਆਫ ਕੈਨੇਡਾ ਨਾਲ ਰਲ ਕੇ ਸਖ਼ਤ ਮਿਹਨਤ ਕਰਨੀ ਜਾਰੀ ਰੱਖਣਗੇ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਬਰੈਂਪਟਨ ਭਰ ਦੇ ਲੋਕ ਅੱਗੇ ਵੱਧ ਸਕਣ ਤੇ ਆਪਣਾ ਭਵਿੱਖ ਸੰਵਾਰ ਸਕਣ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਨੌਰਥ ਯੌਰਕ ਵਿੱਚ ਗੋਲੀ ਚੱਲਣ ਕਾਰਨ ਦੋ ਵਿਅਕਤੀ ਗੰਭੀਰ ਜ਼ਖ਼ਮੀ



ਨੌਰਥ ਯੌਰਕ, 17 ਸਤੰਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਨੂੰ ਨਾਜ਼ੁਕ ਹਾਲਤ ਵਿੱਚ ਟਰੌਮਾ ਸੈਂਟਰ ਲਿਜਾਇਆ ਗਿਆ ਜਦਕਿ ਇੱਕ ਹੋਰ ਵਿਅਕਤੀ ਨੂੰ ਗੰਭੀਰ ਤੌਰ ਉੱਤੇ ਜ਼ਖ਼ਮੀ ਹੋਣ ਮਗਰੋਂ ਹਸਪਤਾਲ ਲਿਜਾਇਆ ਗਿਆ।

ਰਾਤੀਂ 8:20 ਉੱਤੇ ਜੇਨ ਸਟਰੀਟ ਤੇ ਯੌਰਕ ਗੇਟ ਬੋਲੀਵੀਆਰਡ ਇਲਾਕੇ ਵਿੱਚ ਗੋਲੀ ਚੱਲਣ ਦੀ ਰਿਪੋਰਟ ਪੁਲਿਸ ਨੂੰ ਕੀਤੀ ਗਈ। ਟੋਰਾਂਟੋ ਪੁਲਿਸ ਨੇ ਆਖਿਆ ਕਿ ਇਲਾਕੇ ਵਿੱਚ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਪਾਏ ਗਏ। ਪੁਲਿਸ ਨੇ ਵੀ ਇਹ ਦੱਸਿਆ ਕਿ ਗੋਲੀ ਲੱਗਣ ਕਾਰਨ ਇੱਕ ਵਿਅਕਤੀ ਦੀ ਹਾਲਤ ਕਾਫੀ ਨਾਜ਼ੁਕ ਸੀ ਤੇ ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ।

ਚਸ਼ਮਦੀਦਾਂ ਅਨੁਸਾਰ ਮੌਕੇ ਉੱਤੇ ਦਸ ਵਾਰੀ ਗੋਲੀ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਇਸੇ ਲਈ ਹਾਦਸੇ ਵਾਲੀ ਥਾਂ ਦੇ ਨੇੜੇ ਤੇੜੇ ਦੀਆ ਕਈ ਰੋਡਜ਼ ਵੀ ਬੰਦ ਕਰ ਦਿੱਤੀਆਂ ਗਈਆਂ ਹਨ।

# ਅਫਗਾਨਿਸਤਾਨ ਚੋਣਾਂ ਤੋਂ ਪਹਿਲਾਂ ਦੋ ਬੰਬ ਧਮਾਕਿਆਂ ਕਾਰਨ 48 ਮੌਤਾਂ, 42 ਜ਼ਖਮੀ





ਕਾਬੁਲ, 17 ਸਤੰਬਰ, (ਪੋਸਟ ਬਿਊਰੋ)-ਅਫਗਾਨਿਸਤਾਨ ਵਿੱਚਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਰਾਜਧਾਨੀ ਕਾਬੁਲ ਅਤੇ ਪਰਵਾਨ ਸੂਬੇ ਵਿੱਚਅੱਜ ਮੰਗਲਵਾਰ ਨੂੰ ਹੋਏ ਆਤਮਘਾਤੀ ਬੰਬ ਧਮਾਕਿਆਂ ਵਿੱਚ 48 ਲੋਕਾਂ ਦੀ ਮੌਤ ਹੋ ਗਈ। ਪਹਿਲਾ ਧਮਾਕਾ ਪਰਵਾਨ ਸੂਬੇ ਵਿੱਚ ਹੋਇਆ, ਜਿਥੇ ਰਾਸ਼ਟਰਪਤੀ ਅਬੁਦਲ ਗਨੀ ਰੈਲੀ ਕਰ ਰਹੇ ਸਨ। ਮੋਟਰਸਾਈਕਲ ਉੱਤੇ ਆਏ ਹਮਲਾਵਰਾਂ ਨੇਰੈਲੀ ਵਾਲੀ ਥਾਂ ਨੇੜੇ ਪੁਲਸ ਚੌਂਕੀ ਵਿੱਚ ਬੰਬ ਲਾ ਕੇ ਧਮਾਕਾ ਕਰ ਦਿੱਤਾ, ਜਿਸ ਵਿੱਚ 26 ਲੋਕਾਂ ਦੀ ਮੌਤ ਹੋ ਗਈ ਤੇ 42 ਜ਼ਖਮੀ ਹੋ ਗਏ। ਇਕ ਘੰਟੇ ਬਾਅਦ ਮੱਧ ਕਾਬੁਲ ਵਿੱਚ ਅਮਰੀਕੀ ਦੂਤਘਰ ਨੇੜੇ ਧਮਾਕਾ ਹੋਇਆ, ਜਿਸ ਵਿੱਚ 22 ਲੋਕਾਂ ਦੀ ਮਾਰੇ ਜਾਣ ਅਤੇ 38 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਤਾਲਿਬਾਨ ਨਾਲ ਇਸ ਮਹੀਨੇ ਦੀ ਸ਼ੁਰੂ ਵਿੱਚ ਸਮਝੌਤੇਵਾਸਤੇ ਚੱਲ ਰਹੀ ਗੱਲਬਾਤ ਰੱਦ ਕਰਨ ਪਿੱਛੋਂ ਇਹ ਧਮਾਕੇ ਹੋਏ ਹਨ। ਸਮਝੌਤੇ ਹੇਠ ਅਮਰੀਕਾ ਨੇ ਅਫਗਾਨਿਸਤਾਨ ਤੋਂ ਆਪਣੇ ਫੌਜੀ ਵਾਪਸ ਲੈ ਜਾਣੇ ਸਨ। ਤਾਲਿਬਾਨ ਨੇ ਮੀਡੀਆ ਨੂੰ ਭੇਜੇ ਬਿਆਨ ਵਿੱਚ ਦੋਵਾਂ ਧਮਾਕਿਆਂ ਦੀ ਜ਼ਿੰਮੇਵਾਰੀ ਲਈ ਅਤੇਕਿਹਾ ਕਿ ਰੈਲੀ ਨੇੜੇ ਜਾਣ-ਬੁਝ ਕੇ ਧਮਾਕਾ ਕੀਤਾ ਗਿਆ ਹੈ ਤਾਂ ਕਿ 28 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਨੂੰ ਰੋਕਿਆ ਜਾ ਸਕੇ। ਬਿਆਨ ਵਿੱਚਕਿਹਾ ਗਿਆ ਹੈ ਕਿ ਅਸੀਂ ਪਹਿਲਾਂ ਹੀ ਲੋਕਾਂ ਨੂੰ ਚਿਤਾਵਨੀ ਦੇ ਚੁੱਕੇ ਹਾਂ ਕਿ ਉਹ ਚੋਣ ਰੈਲੀਆਂ ਵਿੱਚਨਾ ਜਾਣ, ਜੇ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਨੁਕਸਾਨ ਲਈ ਉਹ ਲੋਕ ਖੁਦ ਜ਼ਿੰਮੇਵਾਰ ਹੋਣਗੇ।

ਉਧਰ ਪਰਵਾਨ ਹਸਪਤਾਲ ਦੇ ਡਾਇਰੈਕਟਰ ਅਬਦੁਲ ਕਾਸਿਮ ਸੰਗੀਨ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਔਰਤਾਂ ਅਤੇ ਬੱਚੇ ਵੀ ਹਨ। ਜਦੋਂਏਥੇ ਧਮਾਕਾ ਹੋਇਆ, ਉਦੋਂ ਰਾਸ਼ਟਰਪਤੀ ਅਸ਼ਰਫ ਗਨੀ ਆਪਣੇ ਸਮਰਥਕਾਂ ਨੂੰ ਸੰਬੋਧਨ ਕਰ ਰਹੇ ਸਨ, ਪਰ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ। ਗਨੀ ਨੇ ਹਮਲੇ ਦੀ ਨਿੰਦਾ ਕਰਦੇ ਹੋਏ ਆਖਿਆ ਕਿ ਇਸ ਘਟਨਾ ਨੇ ਸਾਬਿਤ ਕਰ ਦਿੱਤਾ ਕਿ ਅਮਨ ਕਾਇਮ ਕਰਨ ਵਿੱਚ ਤਾਲਿਬਾਨ ਦੀ ਕੋਈ ਦਿਲਚਸਪੀ ਨਹੀਂ ਹੈ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Air Brake Classes Sat-Sun 8am to 4pm
Forklift Training
Reach Truck
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# 550 ਸਾਲਾ ਪ੍ਰਕਾਸ਼ ਪੁਰਬ: ਸਾਂਝੇ ਸਮਾਗਮ ਕਰਨ ਲਈ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੀ ਸਹਿਮਤੀ ਬਣੀ

ਅੰਮ੍ਰਿਤਸਰ, 17 ਸਤੰਬਰ, (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਮਿਲ ਕੇ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਰਾਜ ਸਰਕਾਰ ਦੀ ਤਾਲਮੇਲ ਕਮੇਟੀ ਦੀ ਬੈਠਕ ਵਿੱਚ ਦੋਵਾਂ ਧਿਰਾਂ ਨੇ ਪ੍ਰਕਾਸ਼ ਪੁਰਬ ਸਾਂਝੇ ਮਨਾਉਣ ਲਈ ਸਹਿਮਤੀ ਦੇ ਦਿੱਤੀ ਹੈ। ਇਸ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਸੀਨੀਅਰ ਮੈਂਬਰ ਜਥੇਦਾਰ ਤੋਤਾ ਸਿੰਘ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੁੱਖ ਸਕੱਤਰ ਡਾ: ਰੂਪ ਸਿੰਘ ਤੇ ਪੰਜਾਬ ਸਰਕਾਰ ਵੱਲੋਂ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਭਗਵੰਤਪਾਲ ਸਿੰਘ ਸੱਚਰ ਦੇ ਨਾਲਦੋਵਾਂ ਧਿਰਾਂ ਦੇ ਸਾਂਝੇ ਨੁਮਾਇੰਦੇ ਵਜੋਂ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਦੇ ਪ੍ਰਤੀਨਿਧ ਬਾਬਾ ਨੌਰੰਗ ਸਿੰਘ ਮੌਜੂਦ ਸਨ।

ਮੀਟਿੰਗ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਬਾਰੇ ਵਿਚਾਰ-ਵਟਾਂਦਰਾ ਸਦਭਾਵਨਾ ਦੇ ਮਾਹੌਲ ਵਿੱਚ ਹੋਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ ਤੇ ਅਸੀਂ ਚਾਹੁੰਦੇ ਹਾਂ ਕਿ ਗੁਰੂ ਸਾਹਿਬ ਜੀ ਦੇ ਇਤਿਹਾਸਕ ਪੁਰਬ ਮੌਕੇ ਇਹ ਸੰਦੇਸ਼ ਸਮੁੱਚੀ ਦੁਨੀਆਂ ਅੰਦਰ ਜਾਵੇ। ਉਨ੍ਹਾਂ ਕਿਹਾ ਕਿ ਇਸੇ ਲਈ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਤਾਲਮੇਲ ਬਣਾਈ ਗਈ ਸੀ ਤੇ ਬੈਠਕ ਵਿੱਚ ਹਰ ਮੈਂਬਰ ਦਾ ਹੁੰਗਾਰਾ ਹਾਂ-ਪੱਖੀ ਰਿਹਾ ਹੈ। ਦੋਵਾਂ ਧਿਰਾਂ ਨੇ ਇਹ ਗੱਲ ਮਹਿਸੂਸ ਕੀਤੀ ਕਿ ਸਮਾਗਮ ਸਾਂਝੇ ਮਨਉਣੇ ਚਾਹੀਦੇ ਹਨ। ਲੌਂਗੋਵਾਲ ਨੇ ਬੈਠਕ ਦੇ ਨਤੀਜੇ ਸਾਰਥਕ ਨਿਕਲਣ ਦੀ ਪੂਰੀ ਆਸ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਨੁਮਾਇੰਦੇ ਭੇਜਣ ਲਈ ਧੰਨਵਾਦ ਕੀਤਾ ਹੈ।ਇਸ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਬੈਠਕ ਵਿੱਚ ਹੋਈ ਵਿਚਾਰ ਨੂੰ ਮੁੱਖ ਕੈਪਟਨ ਅਮਰਿੰਦਰ ਸਿੰਘ ਨਾਲ ਸਾਂਝਾ ਕੀਤਾ ਜਾਵੇਗਾ ਤੇ ਉਨ੍ਹਾਂ ਨਾਲ ਮੀਟਿੰਗ ਦੇ ਬਾਅਦ ਅਗਲੇ ਪ੍ਰੋਗਰਾਮਾਂ ਬਾਰੇ ਰੂਪ ਰੇਖਾ ਦੱਸੀ ਜਾਵੇਗੀ। ਇਸ ਮੀਟਿੰਗ ਤੋਂ ਹਰ ਪਾਸੇ ਚੰਗਾ ਅਸਰ ਗਿਆ ਹੈ।

## ਇਹ ਕਰਨਾਟਕ ਹੈ: ਭਾਜਪਾ ਰਾਜ ਵਿੱਚ ਦਲਿਤ ਭਾਜਪਾ ਐੱਮ ਪੀ ਨੂੰ ਮੰਦਰ ਵਿੱਚ ਜਾਣੋ ਰੋਕ ਦਿੱਤਾ ਗਿਆ



ਤੁਮਕੁਰ, 17 ਸਤੰਬਰ, (ਪੋਸਟ ਬਿਊਰੋ)-ਕਰਨਾਟਕ ਦੇ ਤੁਮਕੁਰੁ ਜ਼ਿਲੇ ਵਿਚਲੇ ਇਕ ਪਿੰਡ ਵਿੱਚ ਭਾਜਪਾ ਪਾਰਲੀਮੈਂਟ ਮੈਂਬਰ ਨਾਰਾਇਣਸਵਾਮੀ ਨੂੰ ਇੱਕ ਮੰਦਰ ਵਿੱਚ ਦਾਖ਼ਲ ਹੋਣ ਤੋਂ ਇਸ ਲਈ ਰੋਕ ਦਿੱਤਾ ਗਿਆ ਕਿ ਉਹ ਦਲਿਤ ਹਨ ਤੇ ਇਸ ਪਿੰਡ ਵਿੱਚ ਉੱਚ ਜਾਤੀ ਵਾਲੇ ਯਾਦਵ ਭਾਈਚਾਰੇ ਦੀ ਗਿਣਤੀ ਵਧੇਰੇ ਹੈ।

ਤੁਮਕੁਰੁ ਜ਼ਿਲ੍ਹੇ ਦੇ ਪਰਮਾਨਹਾਲੀ ਪਿੰਡ ਵਿੱਚ ਇਹ ਘਟਨਾ ਕੱਲ੍ਹ ਸੋਮਵਾਰ ਵਾਪਰੀ ਦੱਸੀ ਗਈ ਹੈ। ਪਤਾ ਲੱਗਾ ਹੈ ਕਿ ਚਿਤਰਦੁਰਗ ਲੋਕ ਸਭਾ ਹਲਕੇ ਤੋਂ ਪਾਰਲੀਮੈਂਟ ਮੈਂਬਰ ਨਾਰਾਇਣਸਵਾਮੀ ਮੁਸ਼ਕਲਾਂ ਜਾਣਨ ਦੇ ਲਈ ਉਸ ਪਿੰਡ ਗਏ ਸਨ ਤਾਂ ਜੋ ਵਿਕਾਸ ਕਾਰਜਾਂ ਦਾ ਖਾਕਾ ਤਿਆਰ ਕਰ ਸਕਣ। ਉਹ ਇਸ ਪਿੰਡ ਵਿੱਚ ਸੜਕ ਉਸਾਰੀਤੇ ਪੀਣ ਵਾਲੇ ਪਾਣੀ ਦਾਯੂਨਿਟ ਲਾਉਣਾ ਚਾਹੁੰਦੇ ਸਨ, ਪਰ ਉਨ੍ਹਾਂ ਨੂੰ ਵਾਪਸ ਆਉਣਾ ਪਿਆ। ਇਸ ਮੌਕੇ ਓਥੇ ਪੁਲਸ ਅਤੇ ਪ੍ਰਸ਼ਾਸਨ ਦੇ ਕਈ ਅਧਿਕਾਰੀ ਮੌਜੂਦ ਸਨ, ਪਰ ਭਾਜਪਾ ਰਾਜ ਵਿੱਚ ਭਾਜਪਾ ਐੱਮ ਪੀ ਨੂੰ ਮੰਦਰ ਵਿੱਚ ਨਹੀਂ ਵੜਨ ਦਿੱਤਾ ਗਿਆ ਅਤੇ ਇਹ ਸਭ ਕੁਝ ਪ੍ਰੰਪਰਾ ਦੇ ਨਾਂਅ ਉੱਤੇ ਹੋਇਆ ਹੈ। ਇਕ ਸਥਾਨਕ ਨਾਗਰਿਕ ਨਾਗਰਾਜ ਨੇ ਕਿਹਾ ਕਿ ਸਾਡੀ ਪੁਰਾਣੀ ਪ੍ਰੰਪਰਾ ਹੈ, ਇੱਥੋਂ ਦਾ ਲੰਬਾ ਇਤਿਹਾਸ ਰਿਹਾ ਹੈ, ਇਸ ਲਈ ਪਿੰਡ ਦੇ ਲੋਕਾਂ ਨੇ ਕਿਹਾਕਿ ਇਸ ਪਾਰਲੀਮੈਂਟ ਮੈਂਬਰ ਨੂੰ ਇਸ ਮੰਦਰ ਵਿੱਚ ਦਾਖ਼ਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

## ਸਿਮਰਜੀਤ ਸਿੰਘ ਬੈਂਸ ਦੀ ਚੁਣੌਤੀ: ਕੈਪਟਨ ਮੈਨੂੰ ਗ੍ਰਿਫਤਾਰ ਕਰਾਉਣਾ ਚਾਹੁੰਦੇ ਹਨ ਤਾਂ ਪੁਲਿਸ ਭੇਜਣ




ਲੁਧਿਆਣਾ, 17 ਸਤੰਬਰ, (ਪੋਸਟ ਬਿਊਰੋ)-ਗੁਰਦਾਸਪੁਰ ਸੈਸ਼ਨ ਕੋਰਟ ਵਿੱਚ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੀ ਜ਼ਮਾਨਤ ਅਰਜ਼ੀ ਰੱਦ ਹੋਣ ਪਿੱਛੋਂ ਉਸ ਦੀ ਗ੍ਰਿਫਤਾਰੀ ਦੀਆਂ ਅਟਕਲਾਂ ਲੱਗ ਰਹੀਆਂ ਹਨ। ਦੂਸਰੇ ਪਾਸੇ ਬੈਂਸ ਨੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਜ਼ਮਾਨਤ ਅਰਜ਼ੀ ਦਾਇਰ ਕਰਨ ਦੀ ਤਿਆਰੀ ਕਰ ਲਈ ਹੈ।

ਇਸ ਦੌਰਾਨ ਸਿਮਰਜੀਤ ਸਿੰਘ ਬੈਂਸ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦਿੱਤੀ ਹੈ ਕਿ ਜੇ ਉਹ ਉਨ੍ਹਾਂ ਨੂੰ ਗ੍ਰਿਫਤਾਰ ਕਰਾਉਣਾ ਚਾਹੁੰਦੇ ਹਨ ਤਾਂ ਆਪਣੀ ਪੁਲਿਸ ਭੇਜਣ। ਉਨ੍ਹਾਂ ਕਿਹਾ, 'ਕੈਪਟਨ ਅਮਰਿੰਦਰ ਸਿੰਘ ਇਹ ਭੁੱਲ ਜਾਣ ਕਿ ਬੈਂਸ ਗ੍ਰਿਫਤਾਰੀ ਦੇ ਡਰ ਨਾਲ ਭੱਜ ਜਾਵੇਗਾ। ਲੋਕਾਂ ਦੀ ਆਵਾਜ਼ ਉਠਾਉਣ ਕਾਰਨ ਮੈਂ ਪਹਿਲਾਂ ਵੀ ਜੇਲ੍ਹ ਗਿਆ ਹਾਂ ਤੇ ਅੱਜ ਵੀ ਕੋਈਡਰ ਨਹੀਂ ਹੈ।' ਵਰਨਣ ਯੋਗ ਹੈ ਕਿ ਬਟਾਲਾ ਦੀ ਪਟਾਕਾ ਫੈਕਟਰੀ ਦੇ ਧਮਾਕੇ ਤੋਂ ਬਾਅਦ ਸਿਮਰਜੀਤ ਸਿੰਘ ਬੈਂਸ ਦੀ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨਾਲ ਤਕਰਾਰ ਹੋਣਮਗਰੋਂ ਬੈਂਸ ਉੱਤੇਇੱਕ ਪੁਲਸ ਕੇਸ ਦਰਜ ਕੀਤਾ ਗਿਆ ਸੀ। ਇਸ ਬਾਰੇ ਸੋਮਵਾਰ ਨੂੰ ਬੈਂਸ ਦੀ ਜ਼ਮਾਨਤ ਅਰਜ਼ੀ ਰੱਦ ਹੋਣ ਪਿੱਛੋਂ ਅੱਜ ਪੂਰੇ ਦਿਨ ਚਰਚਾ ਚੱਲਦੀ ਰਹੀ ਕਿ ਬਟਾਲਾ ਪੁਲਿਸ ਸਿਮਰਜੀਤ ਸਿੰਘ ਬੈਂਸ ਦੀ ਗ੍ਰਿਫਤਾਰੀ ਕਰਨ ਦੇ ਲਈ ਆਉਣੀ ਹੈ, ਪਰ ਬੈਂਸ ਏਥੇ ਸਰਕਟ ਹਾਊਸ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਦੇ ਰਹੇ।

ਮੀਟਿੰਗ ਦੇ ਬਾਅਦ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਬਟਾਲਾ ਕਾਂਡ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਉਹ ਖ਼ੁਦ ਅਤੇ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦਫਤਰ ਦੇ ਬਾਹਰ ਪੱਕਾ ਧਰਨਾ ਲਾ ਕੇ ਬੈਠਣਗੇ। ਉਸ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਉੱਤੇਕੇਸ ਦਰਜ ਕਰਵਾ ਕੇ ਚੁੱਪ ਕਰਾਉਣਾ ਚਾਹੁੰਦੇ ਸਨ,ਪਰ ਉਨ੍ਹਾਂ ਨੂੰ ਨਹੀਂ ਪਤਾ ਕਿ ਉਹ ਭ੍ਰਿਸ਼ਟਾਚਾਰ ਦੇ ਕੇਸ ਵਿੱਚ ਕਿਸੇ ਅੱਗੇ ਨਹੀਂ ਝੁਕਦੇ।

## ਦੋਬਾਰਾ ਪ੍ਰਧਾਨਗੀ ਸੰਭਾਲਣ ਪਿੱਛੋਂ ਸੁਨੀਲ ਜਾਖੜ ਵੱਲੋਂ ਉੱਪ ਚੋਣ ਲੜਨ ਤੋਂ ਸਾਫ ਨਾਂਹ



ਚੰਡੀਗੜ੍ਹ, 17 ਸਤੰਬਰ, (ਪੋਸਟ ਬਿਊਰੋ)- ਕਾਂਗਰਸ ਹਾਈ ਕਮਾਂਡ ਦੇ ਕਹੇ ਉੱਤੇਪੰਜਾਬ ਕਾਂਗਰਸ ਦੀ ਪ੍ਰਧਾਨਗੀ ਮੁੜ ਕੇ ਸੰਭਾਲਣ ਮਗਰੋਂ ਸੁਨੀਲ ਜਾਖੜ ਨੇ ਸਾਫ ਕਿਹਾ ਹੈ ਕਿ ਉਹ ਉੱਪ ਚੋਣ ਨਹੀਂ ਲੜਨਗੇ। ਆਪਣਾ ਅਸਤੀਫ਼ਾ ਰੱਦ ਕਰ ਦਿੱਤੇ ਜਾਣ ਕਾਰਨ ਲਗਭਗ ਚਾਰ ਮਹੀਨਿਆਂ ਪਿੱਛੋਂ ਅੱਜ ਪੱਤਰਕਾਰਾਂ ਨਾਲ ਰੂ-ਬ-ਰੂ ਹੋਏ ਹੋਏ ਜਾਖੜ ਨੇ ਕਈ ਗੱਲਾਂ ਦਾ ਸਿੱਧਾ ਜਵਾਬ ਦਿੱਤਾ। ਵਰਨਣ ਯੋਗ ਹੈ ਕਿ ਗੁਰਦਾਸਪੁਰ ਲੋਕ ਸਭਾ ਹਲਕੇ ਤੋਂ ਚੋਣ ਹਾਰਨ ਤੋਂ ਬਾਅਦ 27 ਮਈ ਨੂੰ ਉਨ੍ਹਾਂ ਨੇ ਕਾਂਗਰਸ ਦੀ ਸੂਬਾ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਅੱਜ ਏਥੇ ਕਾਂਗਰਸ ਭਵਨ ਵਿੱਚ ਮੰਤਰੀਆਂ, ਵਿਧਾਇਕਾਂ ਅਤੇ ਪਾਰਟੀ ਆਗੂਆਂ ਨਾਲ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੁਨੀਲ ਜਾਖੜ ਨੇ ਕਿਹਾ ਕਿ ਉਹ ਅਫ਼ਸਰਾਂ ਦੀ ਬਜਾਏ ਪਾਰਟੀ ਆਗੂਆਂ, ਵਰਕਰਾਂ ਨੂੰ ਚੇਅਰਮੈਨ ਲਾਉਣ ਦੇ ਪੱਖ ਵਿਚ ਹਨ। ਉਨ੍ਹਾਂ ਕਿਹਾ ਕਿ ਵਰਕਰਾਂ ਕਾਰਨ ਹੀ ਸਾਡੀ ਸਰਕਾਰ ਬਣੀ ਹੈ ਅਤੇ ਆਗੂ ਹੀ ਲੋਕਾਂ ਨੂੰ ਜਵਾਬਦੇਹ ਹਨ। ਪੰਜਾਬ ਸਰਕਾਰ ਵਲੋਂ ਛੇ ਵਿਧਾਇਕਾਂ ਨੂੰ ਚੇਅਰਮੈਨ ਬਣਾਉਣ ਦਾ ਸਵਾਗਤ ਕਰਦੇ ਹੋਏ ਉਨ੍ਹਾਕਿਹਾ ਕਿ ਵਿਧਾਇਕ ਲੋਕਾਂ ਵਿੱਚੋਂ ਚੁਣ ਕੇ ਆਉਂਦੇ ਹਨ ਤੇ ਚੰਗੀ ਰਾਜਨੀਤਕ ਰਾਏ ਦੇ ਸਕਦੇ ਹਨ। ਵਿਰੋਧੀ ਧਿਰਾਂ ਅਤੇ ਖਾਸ ਕਰਕੇ ਅਕਾਲੀ ਦਲ ਵਲੋਂ ਰਾਜ ਸਰਕਾਰ ਦੇ ਖ਼ਜ਼ਾਨੇ ਉੱਤੇ ਬੋਝ ਪਾਉਣ ਦੇ ਬਿਆਨਾਂ ਦਾ ਜਵਾਬ ਦਿੰਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਅਕਾਲੀ ਦਲ ਨੇ ਆਪਣੀ ਸਰਕਾਰ ਵੇਲੇ 26 ਪਾਰਲੀਮੈਂਟਰੀ ਸਕੱਤਰ ਲਾਏ ਸਨ, ਜਿਨ੍ਹਾਂ ਨੂੰ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 140 ਵਾਅਦੇ ਪੂਰੇ ਕਰ ਦਿੱਤੇ ਹਨ ਤੇ ਬੇਅਦਬੀ ਅਤੇ ਚਿੱਟੇ ਵਾਲਾ ਵਾਅਦਾ ਵੀ ਪੂਰਾ ਕਰ ਦੇਵੇਗੀ। ਪ੍ਰਤਾਪ ਸਿੰਘ ਬਾਜਵਾ ਵੱਲੋਂਪੰਜਾਬ ਸਰਕਾਰ ਬਾਰੇਕੀਤੇ ਜਾ ਰਹੇ ਸਵਾਲਾਂ ਦੇ ਜਵਾਬ ਵਿਚ ਸੁਨੀਲ ਜਾਖੜ ਨੇ ਕਿਹਾ ਕਿ ਬਾਜਵਾ ਸੀਨੀਅਰ ਆਗੂ ਹਨ ਤੇ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੀ ਗੱਲ ਮੰਨਦੇ ਹਨ, ਉਨ੍ਹਾਂ ਨੂੰ ਮੁੱਖ ਮੰਤਰੀ ਨਾਲ ਗੱਲ ਕਰਨੀ ਚਾਹੀਦੀ ਹੈ।

# ਭਾਰਤ ਸਰਕਾਰ ਦੀ ਪ੍ਰਵਾਸੀਆਂ ਬਾਰੇ ਬਲੈਕ ਲਿਸਟ ਨੂੰ ਬਲੈਕਮੇਲ ਸੂਚੀ ਕਿਹਾ ਗਿਆ

ਚੰਡੀਗੜ੍ਹ, 16 ਸਤੰਬਰ (ਪੋਸਟ ਬਿਊਰੋ)- ਅਕਾਲੀ ਦਲ ਅੰਮ੍ਰਿਤਸਰ, ਯੂਨਾਈਟਿਡ ਅਕਾਲੀ ਦਲ, ਦਲ ਖਾਲਸਾ ਸਮੇਤ ਹੋਰ ਸਿੱਖ ਸੰਗਠਨ ਤੇ ਤਾਮਿਲ ਨਾਡੂ ਦੀ 'ਨਾਮ ਤਾਮਿਲਰ ਕਾਚੀ' ਪਾਰਟੀ ਵੱਲੋਂ 26 ਸਤੰਬਰ ਨੂੰ ਦਿੱਲੀ ਵਿਖੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਜੰਤਰ ਮੰਤਰ ਤੱਕ ਰੋਸ ਵਿਖਾਵਾ ਕਰਕੇ ਕਸ਼ਮੀਰੀ ਲੋਕਾਂ ਦੇ ਹੱਕ ਵਿੱਚ ਰੈਲੀ ਕੀਤੀ ਜਾਵੇਗੀ। ਇਸੇ ਤਰ੍ਹਾਂ 27 ਸਤੰਬਰ ਨੂੰ ਯੂ ਐਨ ਓ ਦੀ ਅਸੈਂਬਲੀ ਅੱਗੇ ਰੋਸ ਵਿਖਾਵਾ ਕੀਤਾ ਜਾਵੇਗਾ।

ਕੱਲ੍ਹ ਵੱਖ-ਵੱਖ ਸਿੱਖ ਸੰਗਠਨਾਂ ਦੇ ਆਗੂਆਂ ਨੇ ਇਸ ਬਾਰੇ ਐਲਾਨ ਕੀਤਾ ਹੈ, ਜਿਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰ-ਦਰ ਮੋਦੀ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ 27 ਸਤੰਬਰ ਨੂੰ ਯੂ ਐਨ ਜਨਰਲ ਅਸੈਂਬਲੀ ਵਿੱਚ ਬੋਲਣਾ ਹੈ ਤੇ ਇਸ ਮੌਕੇ ਕਸ਼ਮੀਰ ਦਾ ਮੁੱਦਾ ਭਾਰੂ ਰਹਿਣ ਦੀ ਸੰਭਾਵਨਾ ਹੈ। ਦਲ ਖਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਗੁਰਦੀਪ ਸਿੰਘ ਬਠਿੰਡਾ ਨੇ ਕਿਹਾ ਕਿ ਕਸ਼ਮੀਰ 'ਚ 40 ਦਿਨਾਂ ਤੋਂ ਲੋਕਾਂ ਨੂੰ ਘਰਾਂ 'ਚ ਬੰਦ ਕੀਤਾ ਹੋਇਆ ਹੈ। ਇਕ ਪਾਸੇ ਕਾਂਗਰਸ ਧਾਰਾ 370 ਦਾ ਵਿਰੋਧ ਕਰਦੀ ਹੈ, ਦੂਜੇ ਪਾਸੇ ਕਾਂਗਰਸ ਦੀ ਹਕੂਮਤ ਵਾਲੀ ਪੰਜਾਬ ਸਰਕਾਰ ਨੇ ਮੋਹਾਲੀ ਵਿਖੇ ਕਸ਼ਮੀਰੀਆਂ ਦੇ ਹੱਕ ਵਿੱਚ ਰੈਲੀ ਕਰਨ ਉਤੇ ਰੋਕ ਲਾ ਦਿੱਤੀ ਹੈ।

ਕੇਂਦਰ ਸਰਕਾਰ ਵੱਲੋਂ 312 ਸਿੱਖਾਂ ਦਾ ਨਾਂ ਕਾਲੀ ਸੂਚੀ 'ਚੋਂ ਹਟਾਏ ਜਾਣ 'ਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਂ ਕੇਂਦਰੀ ਗ੍ਰਹਿ ਵਿਭਾਗ ਨੇ ਕਦੇ ਵੀ ਅਧਿਕਾਰਤ ਤੌਰ 'ਤੇ ਲਿਸਟ ਜਾਰੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਬਲੈਕਮੇਲ ਕਰਨ ਲਈ ਅਜਿਹੀ ਸੂਚੀ ਤਿਆਰ ਕੀਤੀ ਜਾਂਦੀ ਹੈ। ਫਿਰ ਸਿੱਖਾਂ ਦਾ ਨਾਂ ਹਟਾਉਣ 'ਤੇ ਸਿਆਸੀ ਡਰਾਮਾ ਕੀਤਾ ਜਾ ਰਿਹਾ ਹੈ। ਅਜਿਹਾ ਐਲਾਨ ਕਰਕੇ ਸਿੱਖਾਂ ਨੂੰ ਚੋਗਾ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family
MacroGlobal Immigration Services Ltd. Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# ਅਕਾਲੀਆਂ ਵਲੋਂ ਮੇਰੀ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਲਾਏ ਦੋਸ਼ ਨਿਰਾ ਝੂਠ ਦਾ ਪੁਲੰਦਾ : ਕੈਪਟਨ



ਚੰਡੀਗੜ੍ਹ, 17 ਸਤੰਬਰ, (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਅਗਵਾਈ ਹੇਠ ਚੱਲਦੀ ਪੰਜਾਬ ਸਰਕਾਰ ਦੀਆਂ ਪਿਛਲੇ ਢਾਈ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਬੇਬੁਨਿਆਦ ਦੋਸ਼ ਲਾਉਣ ਕਾਰਨ ਅਕਾਲੀਆਂ ਬਾਰੇ ਕਿਹਾ ਕਿ ਏਦਾਂ ਦੇ ਦੋਸ਼ ਲਾਉਣ ਨਾਲ ਅਕਾਲੀ-ਭਾਜਪਾ ਗਠਜੋੜ ਦੀ ਪਿਛਲੀ ਸਰਕਾਰ ਦੀ ਬੇਹੱਦ ਨਖਿੱਧ ਕਾਰਗੁਜ਼ਾਰੀ ਦੇ ਕਾਰਨ ਪੈਦਾ ਹੋਈ ਉਨ੍ਹਾਂ ਦੀ ਨਿਰਾਸ਼ਾ ਪ੍ਰਗਟ ਹੋ ਰਹੀ ਹੈ। ਅੱਜ ਏਥੇ ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਆਗੂਆਂ ਦੇ ਦੋਸ਼ਾਂ ਨੂੰ ਤੱਥਾਂ ਤੇ ਅੰਕੜਿਆਂ ਦਾ ਹਵਾਲਾ ਦੇ ਕੇ ਰੱਦ ਕਰਦੇ ਹੋਏ ਕਿਹਾ ਕਿ ਅਕਾਲੀ ਲੀਡਰਸ਼ਿਪ ਨੂੰ ਆਪਣੇ 10 ਸਾਲਾਂ ਦੇ ਰਾਜ ਦੌਰਾਨ ਲੋਕਾਂ ਦੀ ਭਲਾਈ ਲਈ ਕੀਤੀ ਇਕ ਵੀ ਪ੍ਰਾਪਤੀ ਦੱਸਣੀ ਚਾਹੀਦੀ ਹੈ। ਉਨ੍ਹਾਂ ਨੇ ਅਕਾਲੀਆਂ ਵਲੋਂ 'ਕੋਰੇ ਝੂਠ ਅਤੇ ਬੇਬੁਨਿਆਦ ਗੱਲਾਂ' ਨਾਲ ਲੋਕਾਂ ਨੂੰ ਗੁੰਮਰਾਹ ਕਰਨ ਦੇ ਯਤਨ ਕਰਨ ਉੱਤੇ ਫਿਟਕਾਰ ਲਾਈ ਅਤੇ ਕਿਹਾ ਕਿ ਅਕਾਲੀਆਂ ਨੇ ਸਾਲ 2002-07 ਵਾਲੇ ਮੇਰੇ ਪਿਛਲੇ ਸਮੇਂ ਦੇ ਸ਼ਾਸਨ ਦੀਆਂ ਪਾਈਆਂ ਪੈੜਾਂ ਨੂੰ ਵੀ ਖਤਮ ਕਰ ਸੁੱਟਿਆ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਪਣੇ ਰਾਜ ਦੇ ਦਾਅਵੇ ਲਈ ਤੱਥਾਂ ਦਾ ਹਵਾਲਾ ਦਿੱਤਾ ਅਤੇ ਅਕਾਲੀ-ਭਾਜਪਾ ਗਠਜੋੜ ਦੀ ਪਿਛਲੀ ਸਰਕਾਰ ਦੀ 10 ਸਾਲਾ ਕਾਰਗੁਜ਼ਾਰੀ ਦੇ ਮੁਕਾਬਲੇ ਆਪਣੇ ਢਾਈ ਸਾਲਾ ਰਾਜ ਵਿੱਚ ਸ਼ੁਰੂ ਕੀਤੀਆਂ ਵੱਖ-ਵੱਖ ਸਕੀਮਾਂ ਤੇ ਪ੍ਰੋਗਰਾਮਾਂ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣਲਈ ਅਕਾਲੀ ਆਗੂ ਜ਼ਿੰਮੇਵਾਰ ਹਨ, ਮੇਰੀ ਸਰਕਾਰ ਨੇ ਸੱਤਾ ਸੰਭਾਲਣ ਪਿੱਛੋਂ ਵਿਸ਼ੇਸ਼ ਟਾਸਕ ਬਣਾਈ ਤਾਂ ਬਹੁਤੇ ਵੱਡੇ ਤਸਕਰ ਮਜ਼ਬੂਰ ਹੋ ਕੇ ਪੰਜਾਬ ਤੋਂ ਭੱਜਣ ਲੱਗ ਪਏ ਅਤੇ ਇਸੇ ਸਰਕਾਰ ਦੀ ਸਖ਼ਤੀ ਕਾਰਨ ਨਸ਼ੀਲੇ ਪਦਾਰਥਾਂ ਬਾਰੇ ਐਨ ਡੀ ਪੀ ਐਸ ਐਕਟ ਦੇ 27,744 ਕੇਸ ਦਰਜ ਕੀਤੇ ਅਤੇ 33,622 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿਰਫ ਫੜੋ-ਫੜਾਈ ਨਹੀਂ ਕੀਤੀ, ਮੇਰੀ ਸਰਕਾਰ ਨੇ ਨਸ਼ਿਆਂ ਵਿਚ ਫਸੇ ਲੋਕਾਂ ਦੇ ਇਲਾਜ ਤੇ ਮੁੜ ਵਸੇਬੇ ਨੂੰ ਯਕੀਨੀ ਕੀਤਾ ਤੇ ਅੱਜ ਤੱਕ 178 ਓ ਪੀ ਡੀ ਕਲੀਨਿਕਾਂ ਵਿੱਚ 87 ਹਜ਼ਾਰ ਨਸ਼ਾ ਗ੍ਰਸਤ ਲੋਕ ਇਲਾਜ ਕਰਵਾ ਚੁੱਕੇ ਹਨ।

# ਟਰੰਪ ਦੀ ਨਜ਼ਰ ਵਿੱਚ ਭਾਰਤ-ਪਾਕਿ ਦਾ ਤਣਾਅ ਘੱਟ ਹੋਇਐ

### * ਅਮਰੀਕੀ ਪਾਰਲੀਮੈਂਟ ਮੈਂਬਰਾਂ ਵੱਲੋਂ ਭਾਰਤ ਸਰਕਾਰ ਨੂੰ ਨਵੀਂ ਅਪੀਲ

ਵਾਸ਼ਿੰਗਟਨ, 17 ਸਤੰਬਰ, (ਪੋਸਟ ਬਿਊਰੋ)-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਉਹ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨਾਲ ਛੇਤੀ ਮੁਲਾਕਾਤ ਕਰਨਗੇ। ਇਸ ਦੇ ਨਾਲ ਉਨ੍ਹਾਂ ਨੇ ਇਹ ਵੀ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਘੱਟ ਕਰਨ ਦੇ ਪੱਖ ਤੋਂ 'ਕਾਫ਼ੀ ਤਰੱਕੀ' ਹੋਈ ਹੈ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ 22 ਸਤੰਬਰ ਨੂੰ ਹਿਊਸਟਨ ਵਿੱਚ ਹੋਣ ਵਾਲੇ 'ਹਾਊਡੀ ਮੋਦੀ' ਪ੍ਰੋਗਰਾਮਦੇ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮਿਲ ਕੇ 50,000 ਭਾਰਤੀ ਅਮਰੀਕੀ ਲੋਕਾਂ ਨੂੰ ਸੰਬੋਧਨ ਕਰਨਗੇ। ਇਸ ਮੌਕੇ ਪੁੱਛੇ ਜਾਣ ਦੇ ਬਾਵਜੂਦ ਟਰੰਪ ਨੇ ਇਹ ਨਹੀਂ ਦੱਸਿਆ ਕਿ ਉਹ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਕਦੋਂ ਤੇ ਕਿੱਥੇ ਮਿਲਣਗੇ, ਪਰ ਟਰੰਪ ਦੇ ਪ੍ਰੋਗਰਾਮ ਮੁਤਾਬਕ ਉਹ ਇਮਰਾਨ ਖ਼ਾਨ ਨੂੰ ਇਸ ਮਹੀਨੇ ਨਿਊਯਾਰਕ ਵਿੱਚ ਹੋਣ ਵਾਲੇ ਯੂ ਐੱਨ ਜਨਰਲ ਅਸੈਂਬਲੀ ਦੇ ਸੈਸ਼ਨ ਦੌਰਾਨ ਵੱਖਰੇ ਤੌਰ ਉੱਤੇ ਮਿਲ ਸਕਦੇ ਹਨ।

ਇਸ ਸੋਮਵਾਰ ਨੂੰ ਵ੍ਹਾਈਟ ਹਾਊਸ ਵਿੱਚ ਡੋਨਾਲਡਟਰੰਪ ਨੇ ਇਕ ਸਵਾਲ ਦੇ ਜਵਾਬ ਵਿੱਚ ਪੱਤਰਕਾਰਾਂ ਨੂੰ ਕਿਹਾ, 'ਮੈਂ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨਾਲ ਮੁਲਾਕਾਤ ਕਰਾਂਗਾ।' ਟਰੰਪ ਨੇ ਕਿਹਾ, 'ਮੈਨੂੰ ਲਗਦਾ ਹੈ ਕਿ ਇਸ ਕੰਮ ਵਿੱਚ ਕਾਫ਼ੀ ਤਰੱਕੀ ਹੋਈ ਹੈ।' ਉਂਜ ਉਨ੍ਹਾਂ ਨੇ ਇਸ ਮੌਕੇ ਕਸ਼ਮੀਰ ਦਾ ਜ਼ਿਕਰ ਨਹੀਂ ਕੀਤਾ, ਜਿਹੜਾ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਦਾ ਪ੍ਰਮੁੱਖ ਕਾਰਨ ਹੈ। ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਖ਼ਤਮ ਕਰਨ ਦੇ ਨਰਿੰਦਰ ਮੋਦੀ ਸਰਕਾਰ ਦੇ ਪੰਜ ਅਗਸਤ ਦੇ ਫ਼ੈਸਲੇ ਮਗਰੋਂ ਭਾਰਤ ਤੇ ਪਾਕਿਸਤਾਨ ਦਾ ਤਣਾਅ ਵਧ ਚੁੱਕਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਮਹੀਨੇ ਫਰਾਂਸ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਦੌਰਾਨ ਕਸ਼ਮੀਰਦੇ ਮਸਲੇ ਉੱਤੇ ਕਿਸੇ ਵੀ ਤੀਸਰੀ ਧਿਰ ਦੀ ਵਿਚੋਲਗੀ ਤੋਂ ਸਾਫ਼ ਇਨਕਾਰ ਕਰ ਦਿੱਤਾ ਤੇ ਕਿਹਾ ਸੀ ਕਿ ਇਹ ਭਾਰਤ ਤੇ ਪਾਕਿਸਤਾਨ ਵਿਚਕਾਰ ਇਕ ਦੁਵੱਲਾ ਮੁੱਦਾ ਹੈ।

ਦੂਸਰੇ ਪਾਸੇ ਅਮਰੀਕਾ ਦੇ ਕੁਝ ਪਾਰਲੀਮੈਂਟ ਮੈਂਬਰਾਂ ਨੇ ਕਸ਼ਮੀਰਦੀ ਸਥਿਤੀ ਬਾਰੇ ਚਿੰਤਾ ਜਤਾਈ ਅਤੇ ਭਾਰਤ ਸਰਕਾਰ ਤੋਂ ਕਸ਼ਮੀਰ ਘਾਟੀ ਵਿੱਚ ਪਾਬੰਦੀਆਂ ਹਟਾਉਣ ਦੀ ਮੰਗ ਕੀਤੀ ਹੈ। ਕਾਂਗਰਸ ਦੇ ਮੈਂਬਰ ਐਂਟੋਨੀ ਜੀ ਬਰਾਨ ਨੇ ਕਿਹਾ ਕਿ ਮੈਂ ਕਸ਼ਮੀਰਦੀਆਂ ਤਾਜ਼ਾ ਸਰਗਰਮੀਆਂ ਤੋਂ ਚਿੰਤਤ ਹਾਂ। ਇਸ ਖੇਤਰ ਦਾ ਫੌਜੀਕਰਨ ਕਰਨ ਨਾਲ ਇਹੋ ਜਿਹੀ ਸਥਿਤੀ ਬਣੀ ਹੈ ਕਿ ਕਿਸੇ ਭੁੱਲ ਦੇ ਵੀ ਤਬਾਹੁਕਨ ਨਤੀਜੇ ਹੋ ਸਕਦੇ ਹਨ। ਵਰਨਣ ਯੋਗ ਹੈ ਕਿ ਐਂਟੋਨੀ ਬਰਾਨ ਆਪਣੇ ਦੇਸ਼ ਦੀ ਪਾਰਲੀਮੈਂਟ ਦੇ ਲੋਕਾਂ ਵੱਲੋਂ ਚੁਣੇ ਹਾਊਸ ਦੀ ਆਰਮਡ ਸਰਵਿਸਿਜ਼ ਕਮੇਟੀ ਦੇ ਉਪ ਪ੍ਰਧਾਨ ਹਨ। ਉਨ੍ਹਾਂ ਕਿਹਾ ਕਿ ਕਸ਼ਮੀਰ ਵਿੱਚ ਪ੍ਰਗਟਾਵੇ ਦੀ ਆਜ਼ਾਦੀ, ਲੋਕਾਂ ਦੇ ਇਕੱਠੇ ਹੋਣ ਤੇ ਉਨ੍ਹਾਂ ਦੀ ਆਵਾਜਾਈ ਉੱਤੇ ਪਾਬੰਦੀ ਚਿੰਤਾ ਦਾ ਵਿਸ਼ਾ ਹੈ। ਬਰਾਨ ਨੇ ਕਿਹਾ ਕਿ ਮੈਂ ਭਾਰਤ-ਪਾਕਿਦੋਵਾਂ ਸਰਕਾਰਾਂ ਨੂੰ ਠਰ੍ਹੰਮਾ ਰੱਖਣ ਦੀ ਅਪੀਲ ਕਰਨ ਦੇ ਨਾਲ ਅਮਰੀਕਾ ਨਾਲ ਮਿਲ ਕੇ ਤਣਾਅ ਘੱਟ ਕਰਨ ਲਈ ਗੱਲਬਾਤ ਦੀ ਅਪੀਲ ਕਰਦਾ ਹਾਂ। ਕਾਂਗਰਸ ਦੀ ਇੱਕ ਹੋਰ ਮੈਂਬਰ ਇਲਹਾਨ ਓਮਰ ਨੇ ਵੀ ਟਵੀਟ ਕੀਤਾ ਹੈ ਕਿ ਭਾਰਤ ਸਰਕਾਰ ਵੱਲੋਂ ਕਸ਼ਮੀਰ ਵਿੱਚ ਸਾਰੇ ਸੰਚਾਰ ਮਾਧਿਅਮ ਬੰਦ ਹੋਣਨੂੰ 40 ਦਿਨ ਤੋਂ ਵੱਧ ਹੋ ਗਏ ਹਨ, ਮੈਂ ਚਿੱਠੀ ਲਿਖ ਕੇ ਭਾਰਤ ਸਰਕਾਰ ਤੋਂ ਸਾਰੇ ਸੰਚਾਰ ਮਾਧਿਅਮ ਚਾਲੂ ਕਰਨ ਦੀ ਅਪੀਲ ਕੀਤੀ ਹੈ।

Paramjit Deol Broker CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

MISSISSAUGA $975 — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000 — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000 — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000 — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000 — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000 — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000 — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900 — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000 — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000 — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000 — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000 — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000 — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਤਰਕਸ਼ੀਲ ਸੁਸਾਇਟੀ ਵਲੋਂ ਵਾਅਕ ਐਂਡ ਰਨ ਫਾਰ ਐਜੂਕੇਸ਼ਨ ਪ੍ਰੋਗਰਾਮ 29 ਸਤੰਬਰ ਨੂੰ

## ਸ਼ਹੀਦ ਭਗਤ ਸਿੰਘ ਅਤੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਪ੍ਰੋਗਰਾਮ



(ਹਰਜੀਤ ਬੇਦੀ): ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਜਿੱਥੇ ਤਰਕਸ਼ੀਲ ਵਿਚਾਰਧਾਰਾ ਅਪਣਾ ਕੇ ਵਧੀਆ ਜੀਵਨ ਲਈ ਪਰਚਾਰ ਕਰ ਰਹੀ ਹੈ ਉੱਥੇ ਹੀ ਬੱਚਿਆਂ ਅਤੇ ਨੌਜਵਾਨਾ ਨੂੰ ਭਗਤ ਸਿੰਘ ਦੀ ਵਿਚਾਰਾਧਾਰਾ ਨਾਲ ਜੋੜਨ ਅਤੇ ਆਪਣੀ ਸਿਹਤ ਸੰਭਾਲ ਲਈ ਜਾਗਰੂਕ ਕਰਨ ਵਾਸਤੇ ਉੱਪਰਾਲੇ ਵੀ ਕਰ ਰਹੀ ਹੈ। ਇਸੇ ਸੰਦਰਭ ਵਿੱਚ ਸੁਸਾਇਟੀ ਵਲੋਂ 29 ਸਤੰਬਰ ਦਿਨ ਐਤਵਾਰ ਨੂੰ ਵਾਅਕ ਐਂਡ ਰੱਨ ਫਾਰ ਐਜੂਕੇਸ਼ੰਨ ਈਵੈਂਟ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਸ਼ਹੀਦ ਭਗਤ ਸਿੰਘ ਅਤੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਇਹ ਪਰੋਗਰਾਮ ਬਰੈਂਪਟਨ ਦੇ ਚਿੰਕੂਜੀ ਪਾਰਕ ਜੋ ਬਰੈਮਲੀ ਅਤੇ ਕੁਈਨ ਸਟਰੀਟ ਦੇ ਕਾਰਨਰ ਤੇ ਹੈ ਵਿਖੇ ਹੋਵ-ੇਗਾ। ਇਸ ਈਵੈਂਟ ਵਿੱਚ 5 ਅਤੇ 10 ਕਿ: ਮੀ: ਦੀ ਰੇਸ ਅਤੇ ਵਾਅਕ ਹੋਵੇਗੀ। ਪੰਜ ਸਾਲ ਤੱਕ ਦੇ ਛੋਟੇ ਬੱਚਿਆਂ ਲਈ ਇਹ 1 ਕਿੱ:ਮੀ:ਦੀ ਹੈ। ਜੇਤੂਆਂ ਨੂੰ ਢੁਕਵੇਂ ਇਨਾਮ ਦਿੱਤੇ ਜਾਣਗੇ। ਜਿੰਨ੍ਹਾਂ ਵਿਦਿਆਰਥੀਆਂ ਨੇ ਪਰੋਵਿੰਸ ਜਾਂ ਨੈਸ਼ਨਲ ਲੈਵਲ ਤੇ ਸਪੋਰਟਸ ਵਿੱਚ ਨਾਮਣਾ ਖੱਟਿਆ ਹੈ ਇਸ ਮੌਕੇ ਉਹਨਾਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਜਾਵੇਗਾ।

ਈਵੈਂਟ ਵਿੱਚ ਭਾਗ ਲੈਣ ਲਈ ਰਜਿਸਟਰੇਸ਼ਨ ਸ਼ੁਰੂ ਹੈ। ਉਸ ਦਿਨ ਮੌਕੇ ਤੇ ਵੀ 9:00 ਵਜੇ ਤੋਂ 10:00 ਵਜੇ ਤੱਕ ਰਜਿਸਟਰੇਸ਼ਨ ਹੋਵੇਗੀ। ਉਸ ਤੋਂ ਬਾਅਦ ਵਾਅਕ ਅਤੇ ਰੇਸਾਂ ਸ਼ੁਰੂ ਹੋਣਗੀਆਂ। ਰਜਿਸਟਰੇਸ਼ਨ ਫੀਸ 15 ਡਾਲਰ ਹੈ। ਪਰਬੰਧਕਾਂ ਵਲੋਂ ਸਮੂਹ ਲੋਕਾਂ ਨੂੰ ਇਸ ਈਵੈਂਟ ਵਿੱਚ ਭਾਗ ਲੈਣ ਦਾ ਖੁੱਲ੍ਹਾ ਸੱਦਾ ਹੈ। ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਬਲਦੇਵ ਰਹਿਪਾ 416-881-7202 ਜਾਂ ਨਿਰਮਲ ਸੰਧੂ 416-835-3450 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪਰਵਾਸੀ ਪੰਜਾਬ ਪੈੱਨਸ਼ਨਰਜ਼ ਐਸੋਸੀਏਸ਼ਨ ਓਨਟਾਰੀਓ ਦੀ ਸਲਾਨਾ ਜਨਰਲ ਬਾਡੀ ਮੀਟਿੰਗ 25 ਸਤੰਬਰ ਨੂੰ

ਬਰੈਂਪਟਨ, (ਡਾ. ਝੰਡ) -ਪਰਵਾਸੀ ਪੰਜਾਬ ਪੈੱਨਸ਼ਨਰਜ਼ ਐਸੋਸੀਏਸ਼ਨ ਓਨਟਾਰੀਓ ਦੀ ਕਾਰਜਕਾਰਨੀ ਕਮੇਟੀ ਦੀ ਪਿਛਲੇ ਦਿਨੀਂ ਪਰਮਜੀਤ ਸਿੰਘ ਬੜਿੰਗ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਸੀ ਕਿ ਐਸੋਸੀਏਸ਼ਨ ਦੀ ਸਲਾਨਾ ਜਨਰਲ ਬਾਡੀ ਮੀਟਿੰਗ ਸਤੰਬਰ ਦੇ ਆਖ਼ਰੀ ਹਫ਼ਤੇ ਕੀਤੀ ਜਾਏਗੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜਨਰਲ ਸਕੱਤਰ ਪ੍ਰੋ. ਜਗੀਰ ਸਿੰਘ ਕਾਹਲੋਂ ਸਿੰਘ ਨੇ ਪਰੈੱਸ ਨੂੰ ਜਾਰੀ ਕੀਤੇ ਗਏ ਬਿਆਨ ਵਿਚ ਦੱਸਿਆ ਕਿ ਉਪਰੋਕਤ ਜਨਰਲ ਬਾਡੀ ਮੀਟਿੰਗ 25 ਸਤੰਬਰ ਦਿਨ ਬੁੱਧਵਾਰ ਨੂੰ ਬਰੈਂਪਟਨ ਸੌਕਰ ਸੈਂਟਰ ਬਰੈਂਪਟਨ ਵਿਚ ਬਾਅਦ ਦੁਪਹਿਰ 12.00 ਵਜੇ ਤੋਂ 3.00 ਵਜੇ ਤੀਕ ਹੋਵੇਗੀ। ਪੰਜਾਬ ਸਰਕਾਰ ਤੋਂ ਪੈੱਨਸ਼ਨ ਲੈ ਰਹੇ ਕੈਨੇਡਾ ਵਿਚ ਰਹਿ ਰਹੇ ਸੱਭਨਾਂ ਪੈੱਨਸ਼ਨਰਾਂ ਨੂੰ ਇਸ ਮੀਟਿੰਗ ਵਿਚ ਸਮੇਂ-ਸਿਰ ਪਹੁੰਚ ਕੇ ਭਾਗ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਤਿੰਨ ਸਾਲ ਪਹਿਲਾਂ ਸਤੰਬਰ 2016 ਵਿਚ ਗਠਿਤ ਕੀਤੀ ਗਈ ਸੀ ਅਤੇ ਉਸ ਸਮੇਂ ਤੋਂ ਹੀ ਇਹ ਕੈਨੇਡਾ ਵਿਚ ਰਹਿ ਰਹੇ ਪੈੱਨਸ਼ਨਰਾਂ ਦੀ ਭਲਾਈ ਲਈ ਸਰਗ਼ਰਮ ਹੈ। ਐਸੋਸੀਏਸ਼ਨ ਦੀਆਂ ਮੁੱਖ ਮੰਗਾਂ ਵਿਚ ਸ਼ਾਮਲ ਹੈ ਕਿ ਇਹ ਸੱਭ ਪੈੱਨਸ਼ਨਰ ਕਿਉਂਕਿ ਸੀਨੀਅਰ ਸਿਟੀਜ਼ਨ ਹਨ, ਇਸ ਲਈ ਬਰੈਂਪਟਨ ਵਿਚ ਬਣਨ ਵਾਲੇ ਨਵੇਂ ਘਰਾਂ ਵਿਚ ਇਨ੍ਹਾਂ ਦੇ ਲਈ ਕੁਝ ਘਰ ਰਾਖ਼ਵੇਂ ਰੱਖੇ ਜਾਣ ਅਤੇ ਇਨ੍ਹਾਂ ਦੇ ਲਈ ਅਫ਼ੋਰਡੇਬਲ ਹਾਊਸਿੰਗ ਦਾ ਵੀ ਪ੍ਰਬੰਧ ਕੀਤਾ ਜਾਏ। ਇਸ ਦੇ ਨਾਲ ਹੀ ਸਾਰੇ ਸੀਨੀਅਰ ਸਿਟੀਜ਼ਨਾਂ ਲਈ ਦੰਦਾਂ ਅਤੇ ਅੱਖਾਂ ਦੇ ਇਲਾਜ ਲਈ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਏ। ਬਰੈਂਪਟਨ ਸਿਟੀ ਕਾਊਂਸਲ ਵੱਲੋਂ ਸੀਨੀਅਰ ਸਿਟੀਜ਼ਨਾਂ ਦਾ ਮਹੀਨਾਵਾਰ ਟਰਾਂਜ਼ਿਟ ਪਾਸ 15 ਡਾਲਰ ਵਿਚ ਬਨਾਉਣ ਅਤੇ ਸਾਲ 2020 ਵਿਚ ਇਹ ਸਹੂਲਤ ਮੁਫ਼ਤ ਕਰ ਦੇਣ ਦੇ ਫ਼ੈਸਲੇ ਲਈ ਸਿਟੀ ਕਾਊਂਸਲ ਦਾ ਧੰਨਵਾਦ ਕੀਤਾ ਗਿਆ ਹੈ।

ਮੀਟਿੰਗ ਵਿਚ ਪੈੱਨਸ਼ਨਰਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਬਾਰੇ ਵੀ ਵਿਚਾਰਾਂ ਕੀਤੀਆਂ ਜਾਣਗੀਆਂ। ਇਹ ਦੱਸਣਯੋਗ ਹੈ ਕਿ ਐਸੋਸੀਏਸ਼ਨ ਦੀ ਸਲਾਨਾ ਮੈਂਬਰਸ਼ਿਪ ਕੇਵਲ 10 ਡਾਲਰ ਹੈ ਅਤੇ ਇਹ ਹਰ ਸਾਲ ਨਵਿਆਈ ਜਾਂਦੀ ਹੈ। ਸਮੂਹ ਪੈੱਨਸ਼ਨਰਾਂ ਨੂੰ ਇਸ ਮੀਟਿੰਗ ਵਿਚ ਪਹੁੰਚ ਕੇ ਇਹ 10 ਡਾਲਰ ਚੰਦਾ ਅਦਾ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਹੇਠ ਲਿਖੇ ਵਿਅੱਕਤੀਆਂ ਨੂੰ ਉਨ੍ਹਾਂ ਦੇ ਸੰਪਰਕ ਨੰਬਰਾਂ 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ: ਪਰਮਜੀਤ ਸਿੰਘ ਢਿੱਲੋਂ (416-527-1040), ਪਰਮਜੀਤ ਸਿੰਘ ਬੜਿੰਗ (647-993-0331), ਮੱਲ ਸਿੰਘ ਬਾਸੀ (437-980-7015), ਬਲਦੇਵ ਸਿੰਘ ਬਰਾੜ (647-621-8413), ਜਗੀਰ ਸਿੰਘ ਕਾਹਲੋਂ (637-533-8297), ਤਾਰਾ ਸਿੰਘ ਗਰਚਾ (905-794-2235), ਪਰਮਜੀਤ ਸਿੰਘ ਸਚਦੇਵਾ (647-709-6115), ਹਰਪ੍ਰੀਤ ਸਿੰਘ ਗਰਚਾ (702-937-7491), ਸੁਰਿੰਦਰ ਸਿੰਘ ਪਾਮਾ (647-949-6738), ਹਰੀ ਸਿੰਘ (647-515-4752) ਅਤੇ ਮੋਹਿੰਦਰ ਸਿੰਘ ਮੋਹੀ (416-659-1232)

ਪੈੱਨਸ਼ਨਰ ਸਾਥੀਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਇਹ ਬਰੈਂਪਟਨ ਸੌਕਰ ਸੈਂਟਰ ਡਿਕਸੀ ਰੋਡ ਅਤੇ ਸੈਂਡਲਵੁੱਡ ਰੋਡ ਦੇ ਇੰਟਰਸੈੱਕਸ਼ਨ 'ਤੇ ਸਥਿਤ ਹੈ ਅਤੇ ਇੱਥੇ ਪਹੁੰਚਣ ਲਈ ਡਿਕਸੀ ਰੋਡ 'ਤੇ ਚੱਲਣ ਵਾਲੀ ਬੱਸ ਨੰਬਰ 18 ਜਾਂ 18-ਏ ਅਤੇ ਸੈਂਡਲਵੁੱਡ 'ਤੇ ਚੱਲਣ ਵਾਲੀ ਬੱਸ ਨੰਬਰ 23 ਲਈ ਜਾ ਸਕਦੀ ਹੈ।

# ਪੰਜਾਬ ਦੇ ਹੜ੍ਹ-ਪੀੜਤਾਂ ਦੀ ਮੱਦਦ ਲਈ ਡਬਲਯੂ.ਐੱਫ਼.ਜੀ. ਵੱਲੋਂ 'ਖਾਲਸਾ ਏਡ' ਨੂੰ 1,85,000 ਡਾਲਰ ਦੀ ਰਾਸ਼ੀ ਭੇਂਟ

## ਰਾਜਾ ਧਾਲੀਵਾਲ ਦੀ ਅਗਵਾਈ ਹੇਠ ਚੈੱਕ ਰਵੀ ਸਿੰਘ ਨੂੰ ਦਿੱਤਾ ਗਿਆ * 'ਯੂਨਾਈਟਿਡ ਸਿੱਖਸ' ਨੂੰ 15,000 ਡਾਲਰ ਦਾ ਚੈੱਕ ਭੇਂਟ ਕੀਤਾ ਗਿਆ




ਸਰੀ,ਬੀ.ਸੀ. (ਡਾ. ਝੰਡ) -ਬੀਤੇ ਦਿਨੀਂ ਪੰਜਾਬ ਵਿਚ ਆਏ ਹੜ੍ਹਾਂ ਦੀ ਕਰੋਪੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਲਈ ਰਵੀ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਅੰਤਰਰਾਸ਼ਟਰੀ ਸੰਸਥਾ 'ਖਾਲਸਾ ਏਡ' ਆਪਣੇ 600-700 ਵਾਲੰਟੀਅਰਾਂ ਨਾਲ ਸਹਾਇਤਾ-ਕਾਰਜਾਂ ਵਿਚ ਪੂਰੀ ਤਰ੍ਹਾਂ ਜੁੱਟੀ ਹੋਈ ਹੈ। ਹੜ੍ਹਾਂ ਦੌਰਾਨ ਇਸ ਦੇ ਵਾਲੰਟੀਆ 6-7 ਫੁੱਟ ਜਾਂ ਇਸ ਤੋਂ ਵੀ ਡੂੰਘੇ ਪਾਣੀ ਵਿਚ ਕਿਸ਼ਤੀਆਂ ਰਾਹੀਂ ਜਾ ਕੇ ਹੜ੍ਹਾਂ ਵਿਚ ਫਸੇ ਲੋਕਾਂ ਦੀ ਸਹਾਇਤਾ ਲਈ ਬਹੁੜੇ ਅਤੇ ਉਨ੍ਹਾਂ ਨੂੰ ਰਾਸ਼ਨ, ਕੱਪੜੇ, ਦਵਾਈਆਂ ਆਦਿ ਲੋੜੀਂਦੀਆਂ ਵਸਤਾਂ ਪਹੁੰਚਾਈਆਂ। ਇਹ ਵੀ ਪਤਾ ਲੱਗਾ ਹੈ ਕਿ ਇੰਗਲੈਂਡ ਵਿਚ ਰਵੀ ਸਿੰਘ ਦੀ ਸੁਹਿਰਦ ਅਗਵਾਈ ਹੇਠ 10 ਸਾਲ ਪਹਿਲਾਂ ਸ਼ੁਰੂ ਹੋਈ ਇਹ ਸੰਸਥਾ ਹੁਣ ਇਨ੍ਹਾਂ ਹੜ੍ਹ-ਪੀੜਤਾਂ ਨੂੰ ਇਕ-ਇਕ ਦੁਧਾਰੂ-ਪਸ਼ੂ ਵੀ ਖ਼ਰੀਦ ਕੇ ਦੇ ਰਹੀ ਹੈ। 'ਖਾਲਸਾ ਏਡ' ਜੋ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਜਾ ਕੇ ਕਿਸੇ ਕੁਦਰਤੀ ਕਰੋਪੀ ਜਾਂ ਮਨੁੱਖੀ ਗ਼ਲਤੀ ਨਾਲ ਹੋਏ ਪੀੜਤ ਲੋਕਾਂ ਦੀ ਬਾਂਹ ਫੜਦੀ ਹੈ, ਆਪਣੇ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾਂ ਕਾਰਨ ਅੱਜਕੱਲ੍ਹ ਲੋਕਾਂ ਵਿਚ ਚਰਚਾ ਵਿਚ ਹੈ। ਸਾਰੀ ਦੁਨੀਆਂ ਵਿਚ ਹੀ ਵੱਖ-ਵੱਖ ਵਿਅੱਕਤੀਆਂ ਤੇ ਸੰਸਥਾਵਾਂ ਵੱਲੋਂ ਇਸ ਨੂੰ ਇਨ੍ਹਾ ਮਨੁੱਖੀ ਕਾਰਜਾਂ ਲਈ ਫ਼ੰਡ ਮੁਹੱਈਆ ਕੀਤੇ ਜਾ ਰਹੇ ਹਨ।

ਏਸੇ ਸਿਲਸਿਲੇ ਵਿਚ ਬੀਤੇ ਹਫ਼ਤੇ ਸਰੀ ਦੇ ਇਕ ਵਿਸ਼ਾਲ ਬੈਂਕੁਇਟ ਹਾਲ ਵਿਚ ਆਯੋਜਿਤ ਕੀਤੇ ਗਏ ਭਰਪੂਰ ਸਮਾਗ਼ਮ ਵਿਚ 'ਵਰਲਡ ਫਾਈਨੈਂਸ਼ੀਅਲ ਗਰੁੱਪ' (ਡਬਲਿਊ.ਐੱਫ਼.ਜੀ.) ਦੇ ਐਸੋਸੀਏਟਸ ਵੱਲੋਂ ਇਸ ਗਰੁੱਪ ਦੇ ਆਗੂ ਰਾਜਾ ਧਾਲੀਵਾਲ ਦੀ ਅਗਵਾਈ ਵਿਚ'ਖਾਲਸਾ ਏਡ' ਦੇ ਮੁੱਖ-ਪ੍ਰਬੰਧਕ ਰਵੀ ਸਿੰਘ ਨੂੰ 1,85,000 ਡਾਲਰ (ਇਕ ਕਰੋੜ ਰੁਪਏ ਤੋਂ ਵਧੇਰੇ) ਦਾ ਚੈੱਕ ਭੇਂਟ ਕੀਤਾ ਗਿਆ। ਇਸ ਦੇ ਨਾਲ ਹੀ ਇਸ ਗਰੁੱਪ ਵੱਲੋਂ ਇਕ ਹੋਰ ਮਨੁੱਖੀ ਭਲਾਈ ਵਿਚ ਸਰਗ਼ਰਮ ਸੰਸਥਾ 'ਯੂਨਾਈਟਿਡ ਸਿੱਖਸ' ਨੂੰ 15,000 ਡਾਲਰ ਦਾ ਚੈੱਕ ਭੇਂਟ ਕੀਤਾ ਗਿਆ।




ਇਸ ਮੌਕੇ ਬੋਲਦਿਆਂ 'ਖਾਲਸਾ ਏਡ' ਦੇ ਬਾਨੀ ਰਵੀ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ 20 ਸਾਲਾਂ ਦੇ ਇਸ ਮਨੁੱਖੀ ਸੇਵਾ ਦੇ ਸਫ਼ਰ ਵਿਚ ਇਹ ਪਹਿਲੀ ਵਾਰ ਹੈ ਕਿ ਕਿਸੇ ਇਕ ਸੰਸਥਾ ਵੱਲੋਂ ਏਡੀ ਵੱਡੀ ਰਕਮ ਦਾ ਯੋਗਦਾਨ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਇਸ ਤੋਂ ਬੜੇ ਪ੍ਰਭਾਵਿਤ ਹੋਏ ਹਨ ਅਤੇ ਰਾਜਾ ਧਾਲੀਵਾਲ ਦੀ ਅਗਵਾਈ ਵਿਚ ਇਕੱਤਰ ਕੀਤੀ ਗਈ ਇਸ ਵੱਡੀ ਰਾਸ਼ੀ ਦਾ ਇਕ-ਇਕ ਪੈਸਾ ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਦੇ ਜੀਵਨ ਨੂੰ ਮੁੜ ਲੀਹੇ ਪਾਉਣ ਲਈ ਵਰਤਿਆ ਜਾਏਗਾ। ਉਹ ਇਸ ਦੇ ਲਈ ਇਸ ਸੰਸਥਾ ਦੇ ਅਤੀ ਧੰਨਵਾਦੀ ਹਨ।

ਇਸ ਮੌਕੇ ਡਬਲਿਊ.ਐੱਫ਼.ਜੀ.ਦੇ ਫ਼ੀਲਡ ਚੇਅਰਮੈਨ ਰਾਜਾ ਧਾਲੀਵਾਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਖਾਲਸਾ ਏਡ ਦੁਨੀਆਂ ਦੇ ਕੋਨੇ-ਕੋਨੇ ਵਿਚ ਜ਼ਾਤ-ਪਾਤ, ਧਰਮ ਅਤੇ ਕੌਮੀਅਤ ਤੋਂ ਉੱਪਰ ਉੱਠ ਕੇ ਮੁਸੀਬਤਾਂ ਵਿਚ ਮਾਰੇ ਲੋਕਾਂ ਦੀ ਸਹਾਇਤਾ ਕਰਦੀ ਹੈ ਅਤੇ ਇਹ ਮਨੁੱਖਤਾ ਦੀ ਸੱਚੀ ਤੇ ਸੁੱਚੀ ਸੇਵਾ ਹੈ। ਆਪਣੇ ਭਾਸ਼ਨ ਦੌਰਾਨ ਭਾਵੁਕ ਹੁੰਦਿਆਂ ਉਨਾਂ ਕਿਹਾ ਕਿ 10 ਸਾਲ ਪਹਿਲਾਂ ਜਦੋਂ ਉਹ ਇਕ ਟੈਕਸੀ ਡਰਾਈਵਰ ਸਨ ਤਾਂ ਉਨ੍ਹਾਂ ਨੇ ਕਦੇ ਇਹ ਸੋਚਿਆ ਤੱਕ ਨਹੀਂ ਸੀ ਕਿ ਉਹ ਭਵਿੱਖ ਵਿਚ ਆਪਣੇ ਸਾਥੀਆਂ ਨਾਲ ਮਿਲ ਕੇ ਅਜਿਹੇ ਵੱਡੇ ਸਮਾਗ਼ਮ ਵਿਚ ਸਾਂਝੇ ਤੌਰ 'ਤੇ ਕਰੋੜ ਰੁਪਏ ਦੀ ਸਹਾਇਤਾ ਵੀ ਕਰ ਸਕਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੇ 5-10 ਸਾਲਾਂ ਵਿਚ ਡਬਲਿਊ.ਐੱਫ਼.ਜੀ. ਲੋਕਾਂ ਦੀ ਸੋਚ ਵਿਚ ਵੱਡਾ ਬਦਲਾਅ ਲਿਆਏਗਾ। ਇਸ ਗਰੁੱਪ ਨੇ ਨੌਜੁਆਨ ਪੀੜ੍ਹੀ ਨੂੰ ਤਰੱਕੀ ਦੇ ਰਾਹ 'ਤੇ ਤੋਰਿਆ ਹੈ ਅਤੇ ਬਹੁਤ ਸਾਰੇ ਪਰਿਵਾਰਾਂ ਦੀ ਸਹਾਇਤਾ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਧੰਨਵਾਦੀ ਹਨ ਕਿ ਉਨ੍ਹਾਂ ਨੂੰ ਸਾਰੇ ਕੈਨੇਡਾ ਅਤੇ ਅਮਰੀਕਾ ਵਿਚ ਸਾਰਿਆਂ ਵੱਲੋਂ ਭਰਵਾਂ ਸਹਿਯੋਗ ਮਿਲ ਰਿਹਾ ਹੈ।

ਇਸ ਦੌਰਾਨ ਸਮਾਗ਼ਮ ਦੇ ਵੱਖ-ਵੱਖ ਬੁਲਾਰਿਆਂ ਵੱਲੋਂ 'ਖਾਲਸਾ ਏਡ' ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਭਾਰੀ ਸਰਾਹ-ਨਾ ਕੀਤੀ ਗਈ ਅਤੇ ਮਨੁੱਖੀ ਭਲਾਈ ਲਈ ਵਰਲਡ ਫ਼ਾਈਨੈਂਸ਼ੀਅਲ ਗਰੁੱਪ ਵੱਲੋਂ ਦਿੱਤੀਆਂ ਗਈਆਂ ਰਾਸ਼ੀਆਂ 1,85,000 ਡਾਲਰ ਤੇ 15,000 ਡਾਲਰਾਂ ਦੀ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਮੰਚ-ਸੰਚਾਲਨ ਦੀ ਸੇਵਾ ਰੇਡੀਓ ਹੋਸਟ ਗੁਰਵਿੰਦਰ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ।

# ਸੀਨੀਅਰਜ਼ ਐਸੋਸੀਏਸ਼ਨ ਦੀ ਜਨਰਲ ਬਾਡੀ ਮੀਟਿੰਗ 'ਚ ਉਸਾਰੂ ਵਿਚਾਰ ਵਟਾਂਦਰਾ

(ਹਰਜੀਤ ਬੇਦੀ): ਪਿਛਲੇ ਦਿਨੀ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਆਫ ਬਰੈਂਪਟਨ ਦੀ ਜਨਰਲ ਬਾਡੀ ਮੀਟਿੰਗ ਪਰਮਜੀਤ ਬੜਿੰਗ ਦੀ ਪਰਧਾਨਗੀ ਹੇਠ ਹੋਈ। ਚਾਹ ਪਾਣੀ ਤੋਂ ਬਾਦ ਬਲਵਿੰਦਰ ਬਰਾੜ ਨੇ ਸਟੇਜ ਦੀ ਕਾਰਵਾਈ ਸ਼ੁਰੂ ਕਰਦਿਆਂ ਸਮੂਹ ਮੈਂਬਰਾਂ ਤੇ ਖਾਸ ਤੌਰ ਤੇ ਨਵੇਂ ਸ਼ਾਮਲ ਹੋਏ ਕਲੱਬ ਦਾ ਧੰਨਵਾਦ ਕੀਤਾ। ਇਸ ਤੋਂ ਬਾਦ ਕਲੱਬ ਦੇ ਪਰਧਾਨ ਪਰਮਜੀਤ ਬੜਿੰਗ ਦੀ ਜੀਵਨ ਸਾਥਣ ਬਲਵੀਰ ਬੜਿੰਗ ਦੇ ਹੋਏ ਸਦੀਵੀ ਵਿਛੋੜੇ ਤੇ ਉਸ ਨੂੰ ਸ਼ਰਧਾਜਲੀ ਭੇਟ ਕੀਤੀ ਗਈ। ਇਸ ਉਪਰੰਤ ਮੀਟਿੰਗ ਦੇ ਏਜੰਡੇ ਮੁਤਾਬਕ ਸਾਲਾਨਾ ਫੰਨਕਸ਼ਨ ਦਾ ਰੀਵਿਊ ਕੀਤਾ ਗਿਆ।



ਰੀਵਿਊ ਦੌਰਾਨ ਵੱਖ ਵੱਖ ਮੈਂਬਰਾਂ ਵਲੋਂ ਵਿਚਾਰ ਦੇਣ ਤੇ ਇਹ ਫੈਸਲਾ ਕੀਤਾ ਗਿਆ ਕਿ ਸਾਲਾਨਾ ਫੰਕਸ਼ਨ ਦਾ ਸਮਾਂ 1:00 ਤੋਂ 4:00 ਤੱਕ ਦਾ ਹੋਣਾ ਚਾਹੀਦਾ ਹੈ। ਪਰੋਗਰਾਮ ਢੁਕਵੇਂ ਹਾਲ ਵਿੱਚ ਅਤੇ ਸਟੇਜ ਸੈਂਟਰ ਵਿੱਚ ਹੋਵੇ ਤਾਂ ਬਿਹਤਰ ਰਹੇਗਾ। ਕੁਰਸੀਆਂ ਦਾ ਪਰਬੰਧ ਮਹਿਮਾਨਾਂ ਦੀ ਗਿਣਤੀ ਮੁਤਾ-ਬਕ ਹੋਵੇ। ਇਸ ਤੋਂ ਬਿਨਾਂ ਇਹ ਵੀ ਪਾਸ ਕੀਤਾ ਗਿਆ ਕਿ ਹੋਰ ਵੱਧ ਮਨੋਰੰਜਕ ਗਰੁੱਪਾਂ ਜਾਂ ਟੀਮਾਂ ਦਾ ਪਰਬੰਧ ਹੋਵੇ। ਪਰੋਗਰਾਮ ਦੇ ਅਖਬਾਰਾਂ ਵਿੱਚ ਪਰਚਾਰ ਤੇ ਤਸੱਲੀ ਪਰਗਟ ਕੀਤੀ ਗਈ। ਇਸ ਦੇ ਨਾਲ ਹੀ ਇਹ ਮਹਿਸੂਸ ਕਤਿਾ ਗਿਆ ਕਿ ਰੇਡੀਓ ਅਤੇ ਟੀ ਵੀ ਤੇ ਪਰੋਗਰਾਮ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਣ ਲਈ ਹੋਰ ਉਪਰਾਲੇ ਕੀਤੇ ਜਾਣ। ਨੇੜੇ ਦੀਆਂ ਕਲੱਬਾਂ ਨੂੰ ਪਰੋਗਰਾਮ ਦੇ ਪਰਬੰਧ ਵਿੱਚ ਵੱਧ ਤੋਂ ਵੱਧ ਸ਼ਾਮਲ ਕੀਤਾ ਜਾਵੇ। ਵਿਚਾਰ ਵਟਾਂਦਰੇ ਵਿੱਚ ਸੁਖਦੇਵ ਸਿੰਘ ਗਿੱਲ, ਕੈਪਟਨ ਇਕਬਾਲ ਸਿੰਘ ਵਿਰਕ, ਮਿਸਟਰ ਕੁਲਾਰ, ਕਰਤਾਰ ਸਿੰਘ ਚਾਹਲ,, ਕਸ਼ਮੀਰਾ ਸਿੰਘ ਦਿਓਲ,, ਪਰੀਤਮ ਸਿੰਘ ਸਰਾਂ,, ਵਤਨ ਸਿੰਘ ਗਿੱਲ, ਹਰਦਿਆਲ ਸਿੰਘ ਸੰਧੂ,, ਜੰਗੀਰ ਸਿੰਘ ਸੈਂਭੀ, ਦੇਵ ਸੂਦ ਅਤੇ ਹੋਰਨਾਂ ਨੇ ਆਦਿ ਨੇ ਭਾਗ ਲਿਆ। ਇਹ ਵੀ ਫੈਸਲਾ ਕੀਤਾ ਗਿਆ ਕਿ ਐਸੋਸੀਏਸ਼ਨ ਦੀਆਂ ਮੀਟਿੰਗਾਂ ਵਿੱਚ ਸਿਹਤ ਅਤੇ ਸੀਨੀਅਰਜ਼ ਦੀਆਂ ਹੋਰ ਸਮੱਸਿਆਵਾਂ ਬਾਰੇ ਮਾਹਿਰਾਂ ਨੂੰ ਬੁਲ-ਾਇਆ ਜਾਵੇ।

ਪਰਮਜੀਤ ਬੜਿੰਗ ਅਤੇ ਮਿਸਟਰ ਕੁਲਾਰ ਨੇ ਪੀਲ ਸਕੂਲ ਬੋਰਡ ਵਲੋਂ ਸਕੂਲਾਂ ਵਿੱਚ ਸੀਨੀਅਰਜ਼ ਨੂੰ ਅਲਾਟ ਕਮਰਿਆਂ ਦੇ ਕਿਰਾਏ ਵਧਾਉਣ ਤੇ ਚਿੰਤਾ ਪਰਗਟ ਕਰਦੇ ਹੋਏ ਇਸ ਵਾਧੇ ਨੂੰ ਵਾਪਸ ਲੈਣ ਲਈ ਯਤਨ ਕਰਨ ਦਾ ਸੁਝਾਅ ਦਿੱਤਾ।ਫਿਊਨਰਲ ਰਜਿਸਟਰੇਸ਼ਨ ਦੇ ਪੈਸਿਆਂ ਦੀ ਵਾਪਸੀ ਜਾਰੀ ਹੈ। ਰਹਿ ਗਏ ਸਬੰਧਤ ਵਿਅਕਤੀ 10 ਅਕਤੂਬਰ ਨੂੰ ਹੋ ਰਹੀ ਜਨਰਲ ਬਾਡੀ ਮੀਟਿੰਗ ਵਿੱਚ ਇਸ ਸਬੰਧੀ ਤਾਲਮੇਲ ਕਰ ਸਕਦੇ ਹਨ। ਕਸ਼ਮੀਰਾ ਸਿੰਘ ਦਿਓਲ ਨੇ ਸੁਝਾਅ ਦਿੱਤਾ ਕਿ ਸਿਟੀ ਤੋਂ ਗਰਾਂਟ ਲੈਣ ਦਾ ਕੰਮ ਕਾਫੀ ਗੁੰਝਲਦਾਰ ਹੈ ਤੇ ਸੀਨੀਅਰਜ ਕਲੱਬਾਂ ਇਸ ਸਬੰਧੀ ਠੀਕ ਢੰਗ ਨਾਲ ਨਜੱਠ ਨਹੀ ਸਕਦੀਆਂ ਇਸ ਵਾਸਤੇ ਇਸ ਨੂੰ ਸੁਖਾਲਾ ਕਰਨ ਲਈ ਸਿਟੀ ਅਧਿਕਾਰੀਆਂ, ਮੇਅਰ ਆਦਿ ਨਾਲ ਗੱਲਬਾਤ ਕੀਤੀ ਜਾਵੇ। ਇਸ ਮਸਲੇ ਦੇ ਫੌਰੀ ਹੱਲ ਲਈ ਮਿਸਟਰ ਕੁਲਾਰ ਅਤੇ ਸੈਂਭੀ ਵਾਲੰਟੀਅਰ ਤੌਰ ਤੇ ਗ੍ਰਾਂਟਾਂ ਲਈ ਦੂਸਰੇ ਕਲੱਬਾਂ ਦੀ ਸਹਾਇਤਾ ਕਰਨਗੇ।

ਅੰਤ ਵਿੱਚ ਬਲਵਿੰਦਰ ਬਰਾੜ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਦੁਬਾਰਾ ਚਾਹ ਪਾਣੀ ਪੀ ਕੇ ਜਾਣ ਲਈ ਬੇਨਤੀ ਕੀਤੀ। ਐਸੋਸੀਏਸ਼ਨ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਲੈਣ ਲਈ ਪਰਮਜੀਤ ਬੜਿੰਗ 647-963-0331,, ਬਲਵਿੰਦਰ ਬਰਾੜ 647-262-4026, ਨਿਰਮਲ ਧਾਰਨੀ 416-670-5874, ਜੰਗੀਰ ਸਿੰਘ ਸੈਂਭੀ 416-409-0126,ਦੇਵ ਸੂਦ 416-553-0722, ਕਰਤਾਰ ਚਾਹਲ 647-854-8746, ਪਰੀਤਮ ਸਰਾਂ 416-833-0567 ਜਾਂ ਹਰਦਿਆਲ ਸੰਧੂ 647-686-4201 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

"Quality is our strength."




KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

# ਸੰਪਾਦਕੀ

## ਬਰੈਂਪਟਨ ਈਸਟ: ਲਿਬਰਲ ਚੜਤ ਲਾਮਿਸਾਲ


ਮਨਿੰਦਰ ਸਿੱਧੂ


ਸ਼ਰਨਜੀਤ ਸਿੰਘ


ਰੋਮਾਨਾ ਸਿੰਘ

ਕੈਨੇਡਾ ਦੀ ਸਿਆਸਤ ਵਿੱਚ ਬਰੈਂਪਟਨ ਈਸਟ ਹਲਕੇ ਦਾ ਇੱਕ ਵਿਸ਼ੇਸ਼ ਸਥਾਨ ਹੈ। ਪਰਵਾਸੀ ਵੋਟਰਾਂ ਦਾ ਗੜ ਹੋਣ ਕਾਰਣ ਇਹ ਖਿਆਲ ਕੀਤਾ ਜਾਂਦਾ ਹੈ ਕਿ ਇਸ ਹਲਕੇ ਵਿੱਚ ਪਾਏ ਜਾਂਦੇ ਰੁਝਾਨ ਉਹਨਾਂ ਸਾਰੀਆਂ ਰਾਈਡਿੰਗਾਂ ਦੀ ਤਰਜਮਾਨੀ ਕਰਦੇ ਹਨ ਜਿੱਥੇ ਪਰਵਾਸੀ ਵੋਟਰ ਨਿਰਣਾਇਕ ਸਾਬਤ ਹੁੰਦੇ ਹਨ। ਜ਼ਮੀਨੀ ਪੱਧਰ ਉੱਤੇ ਜਿਹੋ ਜਿਹੇ ਰੁਝਾਨ ਵੇਖਣ ਨੂੰ ਮਿਲ ਰਹੇ ਹਨ, ਜਾਪਦਾ ਹੈ ਕਿ ਇਸ ਰਾਈਡਿੰਗ ਵਿਚਲੀ ਹਲਚਲ ਕੌਮੀ ਪੱਧਰ ਉੱਤੇ ਜੋ ਮਰਜ਼ੀ ਪ੍ਰਭਾਵ ਛੱਡੇ ਪਰ ਬਰੈਂਪਟਨ ਦੀ ਸਥਾਨਕ ਸਿਆਸਤ ਉੱਤੇ ਜਰੂਰ ਵੱਡੀ ਹੱਦ ਤੱਕ ਅਸਰ ਪਾਵੇਗੀ।

ਇਸ ਰਾਈਡਿੰਗ ਬਾਰੇ ਮਿਲ ਰਹੇ ਤਾਜਾ ਰੁਝਾਨ ਦੱਸਦੇ ਹਨ ਕਿ ਇੱਥੇ ਤੋਂ ਲਿਬਰਲ ਜਿੱਤ ਯਕੀਨੀ ਹੈ। 1 ਲੱਖ 22 ਹਜ਼ਾਰ ਵੱਸੋਂ ਵਾਲੀ ਇਸ ਰਾਈਡਿੰਗ ਬਾਰੇ 338canada.com (338ਕੈਨੇਡਾ ਡਾਟ ਕਾਮ) ਦਾ ਖਿਆਲ ਹੈ ਕਿ ਇਹ ਲਿਬਰਲ ਪਾਰਟੀ ਲਈ ਸਮੁੱਚੇ ਕੈਨੇਡਾ ਵਿੱਚ ਪਾਈਆਂ ਜਾਂਦੀਆਂ ਸੱਭ ਤੋਂ ਸੁਰੱਖਿਅਤ ਸੀਟਾਂ ਵਿੱਚੋਂ ਇੱਕ ਹੈ। Calculated Politics ਮੁਤਾਬਕ ਜੇ ਅੱਜ ਚੋਣਾਂ ਹੁੰਦੀਆਂ ਹਨ ਤਾਂ ਮਨਿੰਦਰ ਸਿੱਧੂ ਨੂੰ 49% ਵੋਟਾਂ ਮਿਲਣ ਦੀ ਆਸ ਹੈ ਜਦੋਂ ਕਿ ਕੰਜ਼ਰਵੇਟਿਵ ਉਮੀਦਵਾਰ ਰਾਮੋਨਾ ਸਿੰਘ 23% ਵੋਟਾਂ ਹਾਸਲ ਕਰ ਸਕਦੀ ਹੈ ਜਦੋਂ ਕਿ ਐਨ ਡੀ ਪੀ ਦੇ ਸ਼ਰਨਜੀਤ ਸਿੰਘ ਨੂੰ 19% ਵੋਟਾਂ ਮਿਲਣ ਦੀ ਸੰਭਾਵਨਾ ਹੈ। ਇਸ ਵੈੱਬਸਾਈਟ ਦਾ ਅਨੁਮਾਨ ਹੈ ਕਿ 99% ਚਾਂਸ ਹਨ ਕਿ ਲਿਬਰਲ ਮਨਿੰਦਰ ਸਿੱਧੂ ਦੀ ਜਿੱਤ ਹੋਵੇਗੀ ਜਿਸਦਾ ਅਰਥ ਹੈ ਕਿ ਕੰਜ਼ਰਵੇਟਿਵ ਅਤੇ ਐਨ ਡੀ ਪੀ ਲਈ ਜਿੱਤ ਦਾ ਮੂੰਹ ਵੇਖਣਾ ਇੱਕ ਅਸੰਭਵ ਗੱਲ ਹੈ ਬਸ਼ਰਤੇ ਕੱਲ ਨੂੰ ਕੋਈ ਅਜਿਹਾ ਕਰਾਂਤੀਕਾਰੀ ਸਿਆਸੀ ਭੂਚਾਲ ਆ ਜਾਵੇ ਕਿ ਸਾਰੀਆਂ ਗਿਣਤੀਆਂ ਮਿਣਤੀਆਂ ਹੀ ਫੇਲ੍ਹ ਹੋ ਜਾਣ।

ਜੇ ਅਸੀਂ ਮੁੱਖ ਧਾਰਾ ਦੇ ਸ੍ਰੋਤਾਂ ਉੱਤੇ ਬਹੁਤੀ ਟੇਕ ਨਾ ਵੀ ਰੱਖੀਏ, ਇਸ ਰਾਈਡਿੰਗ ਵਿੱਚ ਚੱਲ ਰਹੀ ਹਵਾ ਵੀ ਇਹੀ ਇਸ਼ਾਰਾ ਕਰਦੀ ਹੈ ਕਿ ਲਿਬਰਲ ਉਮੀਦਵਾਰ ਮਨਿੰਦਰ ਸਿੰਘ ਇੱਕ ਮਜ਼ਬੂਤ ਦਾਅਵੇਦਾਰ ਹੈ। ਮਨਿੰਦਰ ਨੂੰ ਕਈ ਅਜਿਹੇ ਪ੍ਰਭਾਵਸ਼ਾਲੀ ਵਿਅਕਤੀਆਂ ਦਾ ਸਮਰੱਥਨ ਹਾਸਲ ਹੈ ਜਿਹਨਾਂ ਦਾ ਗੁਰੂ ਘਰਾਂ ਖਾਸ ਕਰਕੇ ਡਿਕਸੀ ਗੁਰੂਦੁਆਰਾ, ਖੇਡ ਕੱਲਬਾਂ ਅਤੇ ਸਮਾਜਕ ਸੰਸਥਾਵਾਂ ਵਿੱਚ ਚੰਗਾ ਖਾਸਾ ਅਸਰ ਰਸੂਖ ਹੈ। ਅਸਲ ਵਿੱਚ ਮਨਿੰਦਰ ਪਿੱਛੇ ਖੜਾ ਪ੍ਰਭਾਵਸ਼ਾਲੀ ਵਿਅਕਤੀਆਂ ਦਾ ਗਰੁੱਪ ਲੰਮੇ ਸਮੇਂ ਤੋਂ ਸਿਆਸੀ ਸਰਗਰਮੀਆਂ ਵਿਚ ਹਿਸਾ ਲੈਂਦਾ ਰਿਹਾ ਹੈ ਅਤੇ ਉਹ ਲੋਕਲ ਤੇ ਕੌਮੀ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਸਿੱਖ ਭਾਈਚਾਰੇ ਦੀ ਸਿਆਸਤ ਦੀ ਇੱਕ ਖਾਸ ਖੂਬੀ ਹੈ ਕਿ ਸਮਰੱਥਨ ਮੁੱਦਿਆਂ ਦੇ ਆਧਾਰ ਉੱਤੇ ਨਹੀਂ ਸਗੋਂ ਸਖ਼ਸ਼ਿਅਤ ਦੀ ਬੁਨਿਆਦ ਉੱਤੇ ਦਿੱਤਾ ਜਾਂਦਾ ਹੈ। ਮਨਿੰਦਰ ਸਿੱਧੂ ਨੂੰ ਇਹ ਲਾਭ ਪ੍ਰਾਪਤ ਹੈ ਕਿ ਉਹ ਡਿਕਸੀ ਗੁਰੂ ਘਰ ਵਿੱਚ ਪ੍ਰਭਾਵ ਰੱਖਣ ਵਾਲੇ ਨਰਿੰਦਰ ਸਿੱਧੂ ਦਾ ਬੇਟਾ, ਪਰਮ ਸਿੱਧੂ ਦਾ ਭਤੀਜਾ, ਅਤੇ ਸਪੋਰਟਸ ਖੇਤਰ ਦੇ ਜਾਣੇ ਪਹਿਚਾਣੇ ਹਸਤਾਖਰ ਬੰਤ ਨਿੱਝਰ ਦਾ ਜਵਾਈ ਹੈ। ਇਸ ਨਾਲ ਸਿਰਫ਼ ਬਰੈਂਪਟਨ ਈਸਟ ਵਿੱਚ ਹੀ ਨਹੀਂ ਸਗੋਂ ਸਮੁੱਚੇ ਬਰੈਂਪਟਨ ਦੀਆਂ ਰਾਈਡਿੰਗਾਂ ਦਾ ਤਵਾਜਨ ਲਿਬਰਲਾਂ ਦੇ ਹੱਕ ਵਿੱਚ ਜਾਣ ਦੇ ਚਾਂਸ ਹਨ।

**2019 ਫੈਡਰਲ ਚੋਣਾਂ**

ਬਰੈਂਪਟਨ ਈਸਟ ਬਾਰੇ ਇੱਕ ਸੱਚ ਇਹ ਵੀ ਹੈ ਕਿ ਇਹ ਰਾਈਡਿੰਗ ਲਿਬਰਲਾਂ ਦੀਆਂ ਸੱਭ ਤੋਂ ਅਮੀਰ ਰਾਈਡਿੰਗਾਂ ਵਿੱਚੋਂ ਇੱਕ ਹੈ। ਲਿਬਰਲ ਪਾਰਟੀ ਦੇ ਇਤਿਹਾਸ ਵਿੱਚ ਸੱਭ ਤੋਂ ਵੱਡੇ ਫੰਡ ਰੇਜ਼ਿੰਗ ਡਿਨਰਾਂ ਵਿੱਚੋਂ ਇੱਕ ਇੱਥੇ ਤੋਂ ਸਾਬਕਾ ਐਮ ਪੀ ਰਾਜ ਗਰੇਵਾਲ ਨੇ ਕੀਤਾ ਸੀ। ਰਾਜ ਗਰੇਵਾਲ ਦੀ ਟੀਮ ਵੀ ਮਨਿੰਦਰ ਸਿੱਧੂ ਦੇ ਹੱਕ ਵਿੱਚ ਉੱਤਰੀ ਹੋਈ ਦੱਸੀ ਜਾਂਦੀ ਹੈ।

ਦੂਜੇ ਪਾਸੇ ਕੰਜ਼ਰਵੇਟਿਵ ਉਮੀਦਵਾਰ ਰੋਮਾਨਾ ਸਿੰਘ ਦਾ ਰਾਈਡਿੰਗ ਵਿੱਚ ਨਿੱਜੀ ਆਧਾਰ ਬਹੁਤ ਕਮਜ਼ੋਰ ਜਾਪਦਾ ਹੈ। ਉਸਨੂੰ ਬਿਨਾ ਨੌਮੀਨੇਸ਼ਨ ਲੜਿਆਂ ਪਾਰਟੀ ਹਾਈ ਕਮਾਂਡ ਵੱਲੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਸੀ ਜਿਸ ਕਾਰਣ ਸਥਾਨਕ ਕੰਜ਼ਰਵੇਟਿਵ ਵਰਕਰਾਂ ਦੇ ਹੌਸਲੇ ਪਸਤ ਹੋਏ ਹਨ। ਲੰਬੇ ਸਮੇਂ ਤੋਂ ਕੰਜ਼ਰਵੇਟਿਵ ਪਾਰਟੀ ਨਾਲ ਜੁੜੇ ਨਵਲ ਬਜਾਜ ਦਾ ਇਸ ਹਲਕੇ ਦੇ ਹਿੰਦੂ ਭਾਈਚਾਰੇ ਵਿੱਚ ਅੱਛਾ ਖਾਸਾ ਰਸੂਖ ਹੈ। ਉਸਦੀ ਨੌਮੀਨੇਸ਼ਨ ਉਮੀਦਵਾਰੀ ਰੱਦ ਕਰ ਦਿੱਤੀ ਗਈ ਸੀ ਜਿਸ ਕਾਰਣ ਉਸਦੀ ਪਾਰਟੀ ਪ੍ਰਤੀ ਵਚਨਬੱਧਤਾ ਮਸੋਸੀ ਗਈ ਦੱਸੀ ਜਾਂਦੀ ਹੈ। ਰੋਮਾਨਾ ਸਿੰਘ ਇੱਕ ਈਰਾਨੀਅਨ ਮਾਤਾ ਅਤੇ ਦਿੱਲੀ ਦੇ ਭਾਰਤੀ ਮੂਲ ਦੇ ਵਿਅਕਤੀ ਦੀ ਧੀ ਹੈ ਜਿਸਨੇ ਚੋਣ ਲੜਨ ਦੀ ਗਰਜ਼ ਨੂੰ ਵੇਖਦੇ ਹੋਏ ਆਪਣੇ ਪਿਤਾ ਦਾ ਆਖਰੀ ਨਾਮ (last name) ਸਿੰਘ ਆਪਣੇ ਨਾਮ ਨਾਲ ਜੋੜ ਲਿਆ ਹੈ। ਕੀ ਨਾਮ ਦੀ ਤਬਦੀਲੀ ਕਰਕੇ ਉਹ ਸਥਾਨਕ ਵੋਟਰਾਂ ਨਾਲ ਮਨੋਭਾਵਨਾਤਮਿਕ ਸਾਂਝ ਪੈਦਾ ਕਰ ਸਕੇਗੀ, ਇਸ ਬਾਰੇ ਕੁੱਝ ਆਖਣਾ ਬਹੁਤ ਮੁਸ਼ਕਲ ਹੋਵੇਗਾ। ਵੈਸੇ ਵੀ ਉਸਨੂੰ ਬਰੈਂਪਟਨ ਈਸਟ ਵਰਗੀ ਗੁੰਝਲਦਾਰ ਰਾਈਡਿੰਗ ਵਿੱਚ ਪੈਰ ਜਮਾਉਣ ਲਈ ਲੋੜੋਂ ਵੱਧ ਮਿਹਨਤ ਕਰਨ ਦੀ ਲੋੜ ਹੋਵੇਗੀ।

ਰੋਮਾਨਾ ਸਿੰਘ ਦੇ ਪਰੀਪੇਖ ਵਿੱਚ ਇਹ ਗੱਲ ਚੇਤੇ ਰੱਖਣੀ ਦਿਲਚਸਪ ਹੋਵੇਗੀ ਕਿ 2018 ਦੀਆਂ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਇਸ ਰਾਈਡਿੰਗ ਤੋਂ ਸਥਾਨਕ ਉਮੀਦਵਾਰ ਸਿਮਰ ਸੰਧੂ ਦੇ ਮੁਕਾਬਲੇ ਕੰਜ਼ਰਵੇਟਿਵਾਂ ਨੇ ਇੱਕ ਬਾਹਰਲੇ ਉਮੀਦਵਾਰ ਸੁਦੀਪ ਵਰਮਾ ਲੈ ਆਂਦਾ ਸੀ ਜਿਸਨੂੰ ਸਥਾਨਕ ਟੋਰੀ ਲੀਡਰਸ਼ਿੱਪ ਨੇ ਸਮਰਥਨ ਦੇਣ ਤੋਂ ਇੱਕ ਤਰੀਕੇ ਨਾਂਹ ਕਰ ਦਿੱਤੀ ਸੀ। ਰੋਮਾਨਾ ਸਿੰਘ ਵੀ ਬਾਹਰ ਤੋਂ ਲਿਆਂਦੀ ਗਈ ਉਮੀਦਵਾਰ ਹੈ। ਕੀ ਗੁੱਸੇ ਵਿੱਚ ਆਏ ਸਥਾਨਕ ਕੰਜ਼ਰਵੇਟਿਵ ਆਗੂ ਇੱਕ ਵਾਰ ਫੇਰ ਰਾਮੋਨਾ ਸਿੰਘ ਦਾ ਵਿਰੋਧ ਕਰਕੇ ਇਤਿਹਾਸ ਨੂੰ ਦੁਹਰਾਉਣ ਜਾ ਰਹੇ ਹਨ?

ਆਪਣੇ ਆਕਾਵਾਂ ਜਗਮੀਤ ਸਿੰਘ ਅਤੇ ਗੁਰਰਤਨ ਸਿੰਘ ਵਾਂਗੂੰ ਇਸ ਰਾਈਡਿੰਗ ਤੋਂ ਐਨ ਡੀ ਪੀ ਉਮੀਦਵਾਰ ਸ਼ਰਨਜੀਤ ਸਿੰਘ ਵੀ ਇੱਕ ਵਕੀਲ ਹੈ ਜਿਸਦੀ ਲੇਬਰ ਲਾਅ ਵਿੱਚ ਵਿਸ਼ੇਸ਼ੱਗਤਾ ਹੈ। ਉਸਦੀ ਖਾਸੀਅਤ ਹੈ ਕਿ ਉਹ ਮੁੱਢ ਤੋਂ ਹੀ ਜਗਮੀਤ ਸਿੰਘ ਨਾਲ ਜੁੜਿਆ ਰਿਹਾ ਹੈ ਪਰ ਕਮਿਉਨਿਟੀ ਪੱਧਰ ਉੱਤੇ ਵੋਟਰਾਂ ਨਾਲ ਕਿਸ ਪੱਧਰ ਤੱਕ ਜੁੜਿਆ ਹੋਇਆ ਹੈ, ਇਸ ਬਾਰੇ ਕੋਈ ਠੋਸ ਜਾਣਕਾਰੀ ਪ੍ਰਾਪਤ ਨਹੀਂ ਹੈ। ਆਪਣੇ ਮੈਂਟਰਾਂ (Mentors) ਜਗਮੀਤ ਸਿੰਘ ਅਤੇ ਗੁਰਰਤਨ ਸਿੰਘ ਵਰਗਾ ਧੱੜਲੇਦਾਰ ਬੁਲਾਰਾ ਨਹੀਂ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਐਨ ਡੀ ਪੀ ਨੇ ਇਸ ਰਾਈਡਿੰਗ ਬਾਰੇ ਕਾਫੀ ਲੰਬਾ ਚੌੜਾ ਡਾਟਾ ਇਕੱਤਰ ਕੀਤਾ ਹੋਇਆ ਹੈ ਜੋ ਜਗਮੀਤ ਸਿੰਘ ਦੇ ਇੱਥੇ ਤੋਂ ਖੜਾ ਹੋਣ ਦੀ ਸੂਰਤ ਵਿੱਚ ਵਰਤਣ ਲਈ ਤਿਆਰ ਕੀਤਾ ਦੱਸਿਆ ਜਾਂਦਾ ਹੈ। ਕੀ ਸ਼ਰਨਜੀਤ ਸਿੰਘ ਉਸ ਡਾਟਾ ਤੋਂ ਕੋਈ ਸਾਰਥਕ ਲਾਭ ਲੈ ਸਕੇਗਾ ਅਤੇ ਕੀ ਉਹ ਸਿਆਸੀ ਹਵਾ ਦੇ ਰੁਖ ਨੂੰ ਆਪਣੇ ਹੱਕ ਵਿੱਚ ਮੋੜ ਸਕੇਗਾ, ਇਸ ਬਾਰੇ ਟਿੱਪਣੀ ਕਰਨੀ ਔਖਾ ਕੰਮ ਹੈ। ਕਿਸੇ ਵੇਲੇ ਰਾਜ ਗਰੇਵਾਲ ਨੇ ਐਨ ਡੀ ਪੀ ਆਗੂ ਜਗਮੀਤ ਸਿੰਘ ਨੂੰ ਚੁਣੌਤੀ ਦਿੱਤੀ ਸੀ ਕਿ ਉਹ ਬਰੈਂਪਟਨ ਈਸਟ ਤੋਂ ਚੋਣ ਲੜਨ ਦਾ ਹੀਆ ਕਰ ਕੇ ਵਿਖਾਵੇ। ਸਮਝਿਆ ਜਾਂਦਾ ਹੈ ਕਿ ਜਗਮੀਤ ਸਿੰਘ ਨੇ ਬੇਲੋੜਾ ਜੋਖਮ ਚੁੱਕਣ ਦੀ ਥਾਂ ਬਰਨਬੀ ਸਾਊਥ ਰਾਈਡਿੰਗ ਵਿੱਚ ਜਾਣ ਨੂੰ ਤਰਜੀਹ ਦਿੱਤੀ ਸੀ। ਵੇਖੋ ਸ਼ਰਨਜੀਤ ਸਿੰਘ ਉਸ ਜੋਖਮ ਦਾ ਭਾਰ ਕਿੱਥੇ ਕੁ ਤੱਕ ਚੁੱਕ ਸਕਦਾ ਹੈ?

ਕੌਮੀ ਪੱਧਰ ਉੱਤੇ ਮਿਲਦੇ ਅੰਕੜਿਆਂ ਅਤੇ ਜ਼ਮੀਨੀ ਪੱਧਰ ਦੀਆਂ ਹਕੀਕਤਾਂ ਨੂੰ ਵੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਹਾਲ ਦੀ ਘੜੀ ਇਸ ਹਲਕੇ ਤੋਂ ਲਿਬਰਲ ਉਮੀਦਵਾਰ ਮਨਿੰਦਰ ਸਿੰਘ ਦਾ ਪੱਲੜਾ ਕਾਫੀ ਭਾਰੀ ਹੈ।

ਕੱਲ ਨੂੰ ਅਸੀਂ ਬਰੈਂਪਟਨ ਨੌਰਥ ਹਲਕੇ ਦਾ ਵਿਸ਼ਲੇਸ਼ਣ ਕਰਾਂਗੇ।

# ਹੁਣ ਤੱਕ ਹੈਕ ਨਹੀਂ ਕੀਤਾ ਗਿਆ ਵੋਟਿੰਗ ਡਾਟਾ : ਚੀਫ ਇਲੈਕਟੋਰਲ ਅਧਿਕਾਰੀ

...ਪੰਨਾ 1 ਦਾ ਬਾਕੀ

ਪਰ ਹੋਰਨਾਂ ਪਾਰਟੀਆ ਵਾਂਗੂ ਉਨ੍ਹਾਂ ਇਹ ਯਕੀਨ ਦਿਵਾਇਆ ਕਿ ਉਹ ਵੀ ਆਪਣੇ ਡਾਟਾਬੇਸਿਜ਼ ਦੀ ਸਕਿਊਰਿਟੀ ਨੂੰ ਗੰਭੀਰਤਾ ਨਾਲ ਲੈਂਦੇ ਹਨ। ਪਰ ਇਸ ਦੀ ਨਿਗਰਾਨੀ ਕੀਤੇ ਬਿਨਾਂ ਇਸ ਦਾਅਵੇ ਦੀ ਪੁਸ਼ਟੀ ਕਰਨ ਦਾ ਕੋਈ ਹੋਰ ਰਾਹ ਨਹੀਂ ਹੈ।

ਹੋਰਨਾਂ ਦੇਸ਼ਾਂ ਵਿੱਚ ਪਿੱਛੇ ਜਿਹੇ ਹੋਈਆਂ ਚੋਣਾਂ ਵਿੱਚ ਕੈਂਪੇਨ ਤੇ ਪਾਰਟੀ ਡਾਟਾ ਨਾਲ ਸਮਝੌਤਾ ਕੀਤਾ ਗਿਆ। ਰਾਈਟਰਜ਼ ਵੱਲੋਂ ਦਿੱਤੀ ਗਈ ਰਿਪੋਰਟ ਅਨੁਸਾਰ ਆਸਟਰੇਲੀਆ ਦੀ ਸਾਈਬਰ ਇੰਟੈਲੀਜੈਂਸ ਏਜੰਸੀ ਨੇ ਪਤਾ ਲਾਇਆ ਕਿ ਚੀਨ ਹੀ ਮਈ ਵਿੱਚ ਹੋਏ ਸਾਈਬਰ ਹੈਕਸ ਦੇ ਪਿੱਛੇ ਸੀ। ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਦੀ ਪਾਰਟੀ ਨੇ ਵੀ ਚੋਣਾਂ ਵਾਲੇ ਦਿਨ ਤੇ ਆਖਿਆ ਕਿ ਉਨ੍ਹਾਂ ਦਾ ਡਾਟਾ ਹੈਕ ਕੀਤਾ ਗਿਆ ਸੀ। ਅਮਰੀਕਾ ਦੇ ਰੌਬਰਟ ਮੁਲਰ ਨੇ ਵੀ ਇਹ ਦਾਅਵਾ ਕੀਤਾ ਸੀ ਕਿ ਰੂਸ ਨੇ ਡੈਮੋਕ੍ਰੈਟਿਕ ਨੈਸ਼ਨਲ ਪਾਰਟੀ ਦੇ ਮੈਂਬਰਾਂ ਤੇ ਹਿਲੇਰੀ ਕਲਿੰਟਨ ਦੀ ਕੈਂਪੇਨ ਦੀ ਨਿਜੀ ਈਮੇਲ ਹੈਕ ਕਰ ਲਈ ਸੀ।

ਪੇਰਾਲਟ ਨੇ ਆਖਿਆ ਕਿ ਕੈਨੇਡੀਅਨ ਪਾਰਟੀਆਂ ਨੂੰ ਸਾਈਬਰ ਇੰਟੈਲੀਜੈਂਸ ਮਾਹਿਰਾਂ ਵੱਲੋਂ ਕੈਨੇਡੀਅਨ ਪਾਰਟੀਆਂ ਨੂੰ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਆਪਣੇ ਸਾਈਬਰ ਡਿਫੈਂਸ ਨੂੰ ਕਿਸ ਤਰ੍ਹਾਂ ਮਜ਼ਬੂਤ ਕਰਨਾ ਹੈ।

# ਫ਼ਰੀਦਕੋਟ ਸ਼ਹਿਰ ’ਚ ਬਾਬਾ ਫ਼ਰੀਦ ਜੀ ਦੀ ਪਵਿੱਤਰ ਯਾਦ ਨਾਲ ਸਬੰਧਿਤ ਗੁਰਦੁਆਰਾ ਸਾਹਿਬਾਨ

ਫ਼ਰੀਦਕੋਟ : ਬਾਬਾ ਫ਼ਰੀਦ ਜੀ ਦੀ ਚਰਨ ਛੋਹ ਨਾਲ ਵਰੋਸਾਈ ਧਰਤੀ ਫ਼ਰੀਦਕੋਟ ਵਿਚ ਬਾਬਾ ਫ਼ਰੀਦ ਜੀ ਦੇ ਪਵਿੱਤਰ ਨਾਮ ਨਾਲ ਸਬੰਧਿਤ ਕਈ ਗੁਰਦੁਆਰਾ ਸਾਹਿਬਾਨ ਸੁਸ਼ੋਭਿਤ ਹਨ। 1969 ਈ. ਤੱਕ ਇੱਥੇ ਬਾਬਾ ਜੀ ਦੀ ਯਾਦ ਵਿਚ ਬਣੇ ਟਿੱਲਾ ਬਾਬਾ ਫ਼ਰੀਦ ਤੋਂ ਬਿਨਾਂ ਹੋਰ ਕੋਈ ਉਲੇਖਯੋਗ ਸਥਾਨ ਨਹੀਂ ਸੀ। ਇੱਥੇ ਕਰਤਾਰ ਸਿੰਘ ਨਾਮ ਦਾ ਇਕ ਮਹੰਤ ਬੈਠਦਾ ਸੀ ਪਰ ਉਸ ਦਾ ਆਚਾਰ ਵਿਹਾਰ ਚੰਗਾ ਨਹੀਂ ਸੀ। ਇਕ ਵਾਰ ਉਸ ਦੇ ਵਿਰੁੱਧ ਗੰਭੀਰ ਸ਼ਿਕਾਇਤ ਹੋਣ ’ਤੇ ਫ਼ਰੀਦਕੋਟ ਦੇ ਉੱਘੇ ਵਕੀਲ ਇੰਦਰਜੀਤ ਸਿੰਘ ਸੇਖੋਂ ਨੇ ਟਿੱਲਾ ਸਾਹਿਬ ਵਿਚੋਂ ਬਾਹਰ ਕੱਢ ਕੇ ਚਾਬੀਆਂ ਆਪਣੇ ਹੱਥ ਲੈ ਲਈਆਂ। ਗੁਰਦੁਆਰੇ ਦੇ ਸੁਚਾਰੂ ਪ੍ਰਬੰਧ ਲਈ ਸ਼ਹਿਰ ਦੇ ਪ੍ਰਮੁੱਖ ਵਿਅਕਤੀਆਂ ਦੀ ਇਕ ਕਮੇਟੀ ਬਣਾਈ ਗਈ। ਕਮੇਟੀ ਨੇ ਸਰਬ ਸੰਮਤੀ ਨਾਲ ਪ੍ਰਬੰਧ ਦੀ ਸੇਵਾ ਸ: ਸੇਖੋਂ ਨੂੰ ਸੌਂਪ ਦਿੱਤੀ ਜਿਨ੍ਹਾਂ ਨੇ ਇਤਿਹਾਸਕ ਵਣ ਦੇ ਨਾਲ ਨਾਲ ਇੱਥੇ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਵੀ ਕਰ ਦਿੱਤੀ। ਗੁਰੂ ਗ੍ਰੰਥ ਸਾਹਿਬ ਵਿਚ ਫ਼ਰੀਦ ਜੀ ਦੀ ਬਾਣੀ ਸੰਕਲਿਤ ਹੋਣ ਕਾਰਨ ਆਪ ਗੁਰੂ ਦਾ ਦਰਜਾ ਰੱਖਦੇ ਸਨ। ਸੇਖੋਂ ਸਾਹਿਬ ਨੇ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਪਿਛਲੇ 50 ਵਰ੍ਹਿਆਂ ਵਿਚ ਇਸ ਗੁਰਦੁਆਰਾ ਸਾਹਿਬ ਦਾ ਕਾਇਆ ਕਲਪ ਕਰ ਦਿੱਤਾ ਹੈ। ਲੰਗਰ ਸਾਹਿਬ ਦੀ ਇਮਾਰਤ ਦੇ ਨਾਲ ਨਾਲ ਦਰਸ਼ਨੀ ਡਿਉਢੀ, ਜੋੜਾ ਘਰ ਆਦਿ ਦੀ ਸ਼ੋਭਾ ਵੇਖਣ ਯੋਗ ਹੈ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਬਾਬਾ ਜੀ ਨੂੰ ਨਤਮਸਤਕ ਹੋਣ ਲਈ ਇੱਥੇ ਪਹੁੰਚਦੀਆਂ ਹਨ। ਵੀਰਵਾਰ ਦੇ ਦਿਨ ਤਾਂ ਇਹ ਗਿਣਤੀ ਵੱਧ ਜਾਂਦੀ ਹੈ।

‘ਮਸਲੇ ਸ਼ੇਖ ਫ਼ਰੀਦ ਜੀ ਕੇ’ ਜੋ ਚੌਧਵੀ ਸਦੀ ਦੀ ਰਚਨਾ ਦੱਸੀ ਜਾਂਦੀ ਹੈ। ਇਸ ਸਥਾਨ ਦਾ ਵਰਣਨ ਆਇਆ ਹੈ। ਇਸ ਸਥਾਨ ਦੇ ਸਾਹਮਣੇ ਤਤਕਾਲੀਨ ਭੱਟੀ ਰਾਜੇ ਮੋਕਲਸੀ ਦੇ ਕਿਲ੍ਹੇ ਦਾ ਨਿਰਮਾਣ ਹੋ ਰਿਹਾ ਸੀ। ਸਿਪਾਹੀਆਂ ਨੇ ਭੁਲੇਖੇ ਨਾਲ ਬਾਬਾ ਜੀ ਨੂੰ ਵੀ ਵਗਾਰ ਉਪਰ ਲਗਾ ਲਿਆ ਸੀ ਪਰ ਛੇਤੀ ਹੀ ਬਾਬਾ ਜੀ ਦੀ ਅਜ਼ਮਤ ਪ੍ਰਗਟ ਹੋ ਗਈ। ਸੁਣ ਕੇ ਰਾਜਾ ਮੋਕਲਸੀ ਆਪ ਮੌਕੇ ’ਤੇ ਪਹੁੰਚਿਆ ਅਤੇ ਖਿਮਾ ਯਾਚਨਾ ਕੀਤੀ। ਉਸ ਦਿਨ ਤੋਂ ਇਸ ਨਗਰ ਦਾ ਨਾਮ ਮੋਕਲਹਰ ਤੋਂ ਬਦਲ ਕੇ ਫ਼ਰੀਦਕੋਟ ਪੈ ਗਿਆ।

ਫ਼ਰੀਦਕੋਟ ਵਿਚ ਬਾਬਾ ਫ਼ਰੀਦ ਜੀ ਨਾਲ ਜੁੜਿਆ ਇਕ ਹੋਰ ਗੁਰਦੁਆਰਾ ਗੋਦੜੀ ਸਾਹਿਬ ਹੈ। ਰਵਾਇਤ ਅਨੁਸਾਰ ਫ਼ਰੀਦਕੋਟ ਨਗਰ ਵਿਚ ਪ੍ਰਵੇਸ਼ ਕਰਨ ਤੋਂ ਡੇਢ ਦੋ ਕਿਲੋਮੀਟਰ ਪੂਰਬ ਦੱਖਣ ਦੀ ਦਿਸ਼ਾ ਵਿਚ ਬਾਬਾ ਜੀ ਨੇ ਫਕੀਰਾਂ ਵਾਲੀ ਗੋਦੜੀ ਉਤਾਰ ਕੇ ਇਕ ਖੇਤ ਵਿਚ ਛੱਡ ਦਿੱਤੀ ਸੀ। ਜਿੱਥੇ ਕੁਝ ਪਾਲੀ ਮੁੰਡੇ ਪਸ਼ੂ ਚਾਰ ਰਹੇ ਸਨ। ਬਾਬਾ ਜੀ ਆਪ ਤਾਂ ਨਗਰ ਵਿਚ ਪ੍ਰਵੇਸ਼ ਕਰ ਗਏ ਪਰ ਗੋਦੜੀ ਪਿੱਛੇ ਪਈ ਰਹੀ। ‘ਪਾਲੀਆਂ’ ਨੇ ਗੋਦੜੀ ਦੀ ਖਿੱਦੋ ਬਣਾ ਕੇ ਖੇਡਣਾ ਸ਼ੁਰੂ ਕਰ ਦਿੱਤਾ। ਜਿਸ ਦੀ ਵਜ੍ਹਾ ਨਾਲ ਗੋਦੜੀ ਫ਼ਟ ਗਈ ਅਤੇ ਗੋਦੜੀ ਪਹਿਨੀ ਨਾ ਹੋਣ ਦੀ ਸੂਰਤ ਵਿਚ ਫ਼ਰੀਦ ਜੀ ਨੂੰ ਸਿਪਾਹੀਆਂ ਨੇ ਗ੍ਰਿਫ਼ਤਾਰ ਕਰ ਲਿਆ। ਇਹ ਰਵਾਇਤ ਦਰਸਾਉਂਦੀ ਹੈ ਕਿ ਮਹਾਂਪੁਰਖਾਂ ਨੂੰ ਵੀ ਧਾਰਮਿਕ ਚਿੰਨ੍ਹਾਂ ਦੀ ਜ਼ਰੂਰਤ ਹੁੰਦੀ ਹੈ ਅਤੇ ਚਿਨ੍ਹਾਂ ਤੋਂ ਬਗੈਰ ਆਮ ਲੋਕ ਉਨ੍ਹਾਂ ਦੀ ਅਜ਼ਮਤ ਨੂੰ ਪਹਿਚਾਣ ਨਹੀਂ ਸਕਦੇ। ਇਸ ਸਥਾਨ ਦੇ ਮਹੱਤਵ ਨੂੰ ਦੇਖ ਕੇ ਕਮੇਟੀ ਨੇ ਇਕ ਪਵਿੱਤਰ ਗੁਰਦੁਆਰਾ, ਅੰਮ੍ਰਿਤ ਸਰੋਵਰ ਅਤੇ ਦੋ ਵੱਡੇ ਦੀਵਾਨ ਹਾਲਾਂ ਦਾ ਨਿਰਮਾਣ ਕਰਵਾਇਆ ਹੈ।

1986 ਵਿਚ ਜਦੋਂ ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ ਪਟਿਆਲਾ ਹੋਂਦ ਵਿਚ ਆਇਆ ਤਾਂ ਪੰਜਾਬ ਧੁਖਦੇ ਵਾਤਾਵਰਨ ਨੂੰ ਸ਼ਾਂਤ ਕਰਨ ਲਈ ਬਾਬਾ ਫ਼ਰੀਦ ਜੀ ਦੀ ਪਵਿੱਤਰ ਯਾਦ ਵਿਚ ਇਕ ਸੱਭਿਚਾਰਕ ਮੇਲਾ ਕਰਵਾਇਆ ਜਾਣ ਲੱਗਾ। ਉਸ ਵਕਤ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਦੋ ਦਿਨ ਇੱਥੇ ਰੁੱਕੇ ਸਨ। ਉਸ ਤੋਂ ਬਾਅਦ ਅੱਜ ਤੱਕ ਇਹ ਮੇਲਾ 19 ਤੋਂ 23 ਸਤੰਬਰ ਤੱਕ ਮਨਾਇਆ ਜਾਂਦਾ ਹੈ। ਹੁਣ ਇਹ ਮੇਲਾ 18 ਸਤੰਬਰ ਤੋਂ 28 ਸਤੰਬਰ ਤੱਕ ਹੋ ਗਿਆ ਹੈ ਤੇ ਨੈਸ਼ਨਲ ਫੈਸਟੀਵਲ ਦਾ ਰੂਪ ਧਾਰਨ ਕਰ ਲਿਆ ਹੈ। ਇਨ੍ਹਾਂ ਦਿਨਾਂ ਵਿਚ ਇੱਥੇ ਖੇਡ ਟੂਰਨਾਮੈਂਟ, ਕੀਰਤਨ ਦਰਬਾਰ, ਕਵੀ ਦਰਬਾਰ, ਦੰਗਲ, ਸੈਮੀਨਾਰ, ਨਗਰ ਕੀਰਤਨ, ਦੀਵਾਨ ਅਤੇ ਬਹੁਤ ਸਾਰੇ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਇਹ ਮੇਲਾ ਜ਼ਿਲ੍ਹਾ ਰੈੱਡ ਕਰਾਸ ਦੀ ਸਹਾਇਤਾ ਨਾਲ ਡਿਪਟੀ ਕਮਿਸ਼ਨਰ, ਉੱਚ ਅਧਿਕਾਰੀਆਂ, ਸਮਾਜ ਸੇਵੀ ਸੰਸਥਾਵਾਂ ਅਤੇ ਸ਼ਰਧਾਲੂ ਸੱਜਣਾਂ ਦੀ ਦੇਖ ਰੇਖ ਅਧੀਨ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਸਾਡਾ ਸੁਝਾਅ ਹੈ ਕਿ ਇਸ ਮੇਲੇ ਦਾ ਪ੍ਰਬੰਧ ਪੰਜਾਬ ਸਰਕਾਰ ਦਾ ਸੱਭਿਆਚਾਰ ਵਿਭਾਗ ਆਪਣੇ ਹੱਥਾਂ ਵਿਚ ਲਵੇ। ਵਿਭਾਗ ਵਲੋਂ ਹੀ ਖੇਡਾਂ ਅਤੇ ਹੋਰ ਸੱਭਿਆਚਾਰ ਸਰਗਰਮੀਆਂ ਲਈ ਵਿਸ਼ੇਸ਼ ਟੀਮਾਂ ਚੁਣੀਆਂ ਜਾਣ। ਉਸੇ ਵਲੋਂ ਸਾਰੇ ਖਰਚ ਦਾ ਜ਼ਿੰਮਾ ਲਿਆ ਜਾਵੇ ਅਤੇ ਮੇਲੇ ਦਾ ਪ੍ਰਬੰਧ ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹੇ ਦੇ ਉੱਚ ਅਧਿਕਾਰੀ ਸੰਭਾਲਣ। ਅਜਿਹੀ ਵਿਵਸਥਾ ਕਰਨ ਨਾਲ ਮੇਲੇ ਦਾ ਗੌਰਵ ਹੋਰ ਵਧੇਗਾ। ਇਹ ਮੇਲਾ ਪੰਜਾਬ ਮੇਲਿਆਂ ਦੇ ਕੈਲੰਡਰ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਮੇਲੇ ਦੇ ਦਿਨਾਂ ਵਿਚ ਦੇਸ਼ ਵਿਦੇਸ਼ ਦੀਆਂ ਲੱਖਾਂ ਸੰਗਤਾਂ ਬਾਬਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿੱਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide 10:00PM to 11:00PM EST 7:00PM to 8:00PM PST
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਿਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976


GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648


# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਪ੍ਰੋ. ਤਲਵਿੰਦਰ ਮੰਡ ਅਤੇ ਡਾ. ਜਗਮੋਹਨ ਸੰਘਾ ਨਾਲ ਰੂ-ਬ-ਰੂ

## ਕਵੀ ਦਰਬਾਰ ਵੀ ਹੋਇਆ









ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 15 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦਾ ਮਹੀਨੇਵਾਰ ਸਮਾਗ਼ਮ ਐਫ਼.ਬੀ.ਆਈ. ਸਕੂਲ ਵਿਚ ਹੋਇਆ ਜਿਸ ਵਿਚ ਸਭਾ ਦੇ ਸਰਗਰਮ ਮੈਂਬਰਾਂ ਪ੍ਰੋ. ਤਲਵਿੰਦਰ ਮੰਡ ਅਤੇ ਅਤੇ ਡਾ. ਜਗਮੋਹਨ ਸੰਘਾ ਨਾਲ ਦਿਲਚਸਪ ਰੂ-ਬ-ਰੂ ਕਰਵਾਇਆ ਗਿਆ। ਇਸ ਦੌਰਾਨ ਪ੍ਰਧਾਨਗੀ-ਮੰਡਲ ਵਿਚ ਸਮਾਗ਼ਮ ਦੇ ਇਨ੍ਹਾਂ ਦੋਹਾਂ ਮੁੱਖ-ਬੁਲਾਰਿਆਂ ਦੇ ਨਾਲ ਪ੍ਰੋ. ਰਾਮ ਸਿੰਘ ਅਤੇ ਉੱਘੇ ਕਵੀ ਪ੍ਰੀਤਮ ਧੰਜਲ ਸ਼ਾਮਲ ਸਨ।

ਸਮਾਗ਼ਮ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਨੇ ਪ੍ਰੋਗਰਾਮ ਦੀ ਰੂਪ-ਰੇਖਾ ਦੱਸਣ ਤੋਂ ਬਾਅਦ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਆਏ ਸਮੂਹ-ਮਹਿਮਾਨਾਂ ਦਾ ਸੁਆਗਤ ਕਰਦਿਆਂ ਉਨ੍ਹਾਂ ਨੂੰ ਜੀ-ਆਇਆਂ ਕਿਹਾ। ਉਪਰੰਤ, ਸਮਾਗ਼ਮ ਵਿਚ ਉਚੇਚੇ ਤੌਰ 'ਤੇ ਪਹੁੰਚੀ ਸਕੂਲ-ਟਰੱਸਟੀ ਬਲਬੀਰ ਸੋਹੀ ਨੇ ਆਪਣੇ ਸੰਬੋਧਨ ਵਿਚ ਮਾਪਿਆਂ ਤੇ ਪੜ-ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਵਿਚ ਗੱਲ ਕਰਨ, ਪੰਜਾਬੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਨ ਅਤੇ ਉਨ੍ਹਾਂ ਵਿਚ ਸ਼ੁਕਰਾਨਾ ਕਰਨ ਦੀ ਭਾਵਨਾ ਪੈਦਾ ਕਰਨ ਲਈ ਕਿਹਾ।

ਆਪਣੇ ਬਾਰੇ ਗੱਲ ਕਰਦਿਆਂ ਤਲਵਿੰਦਰ ਮੰਡ ਨੇ ਦੱਸਿਆ ਕਿ ਉਨ੍ਹਾਂ ਦਾ ਪਿਛੋਕੜ ਕਿਸਾਨੀ ਪਰਿਵਾਰ ਦਾ ਹੈ ਅਤੇ ਉਨ੍ਹਾਂ ਨੇ ਬਚਪਨ ਵਿਚ ਪਸ਼ੂ ਚਾਰੇ, ਖੇਤੀਬਾੜੀ ਵਿਚ ਆਪਣੇ ਪਿਤਾ ਦਾ ਹੱਥ ਵਟਾਇਆ ਅਤੇ ਉਨ੍ਹਾਂ ਕੋਲੋਂ ਝਿੜਕਾਂ ਵੀ ਖਾਧੀਆਂ। ਉਨ੍ਹਾਂ ਮੈਟ੍ਰਿਕ ਤੀਕ ਪੜ੍ਹਾਈ ਫਗਵਾੜੇ ਦੇ ਆਰੀਆ ਸਮਾਜ ਸਕੂਲ ਵਿਚ ਪ੍ਰਾਪਤ ਕੀਤੀ, ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਤੋਂ ਬੀ.ਏ. ਕਰਨ ' ਬਾਅਦ ਐੱਮ.ਏ. ਪੰਜਾਬੀ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਅਤੇ ਐੱਮ.ਫ਼ਿਲ. ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ। ਕੁਝ ਸਮਾਂ ਗੁਰੂ ਨਾਨਕ ਕਾਲਜ ਨਰੂੜ ਪਾਂਛਟ ਵਿਚ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਅਤੇ ਹੁਣ ਇੱਥੇ ਕੈਨੇਡਾ ਕੇ ਮਿਹਨਤ ਮੁਸ਼ੱਕਤ ਕਰ ਰਹੇ ਹਨ। ਉਨ੍ਹਾਂ ਮਹਾਨ ਪੰਜਾਬੀ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਹਰੇਕ ਇਨਸਾਨ ਵਿਚ ਕੁਝ ਨਾ ਕੁਝ ਕਰਨ ਦੀ ਸਮਰੱਥਾ ਹੁੰਦੀ ਹੈ ਅਤੇ ਲੋੜ ਇਸ ਨੂੰ ਯੋਗ ਸੇਧ ਦੇਣ ਦੀ ਹੁੰਦੀ ਹੈ। ਆਪਣੇ ਸੰਬੋਧਨ ਵਿਚ ਉਨ੍ਹਾਂ ਮੇਲੇ ਵਿੱਚੋਂ ਲਿਆਂਦਾ ਗਿਆ 'ਹੀਰ ਰਾਂਝੇ' ਦਾ ਕਿੱਸਾ ਘਰਦਿਆਂ ਤੋਂ ਚੋਰੀ-ਚੋਰੀ ਪੜ੍ਹਨ ਅਤੇ ਮਨੁੱਖ ਨੂੰ ਆਪਣੀ ਗੱਲ ਦਰਸਾਉਣ ਲਈ ਚਿੰਨ੍ਹਾਂ ਦੀ ਵਰਤੋਂ ਕਰਨ ਅਤੇ ਭਾਸ਼ਾ ਦੀ ਗੱਲ ਬਾਖ਼ੂਬੀ ਕੀਤੀ। ਉਨ੍ਹਾਂ ਦੱਸਿਆ ਕਿ ਉਹ ਆਪਣੀਆਂ ਕਵਿਤਾਵਾਂ ਲਈ ਚਿੰਨ੍ਹ ਅਤੇ ਯੋਗ ਸ਼ਬਦ ਆਪਣੇ ਆਲੇ-ਦੁਆਲੇ ਦੇ ਸਮਾਜਿਕ ਵਰਤਾਰੇ ਵਿੱਚੋਂ ਲੈਂਦੇ ਹਨ। ਉਨ੍ਹਾਂ ਨੇ ਆਪਣੀਆਂ ਕੁਝ ਗ਼ਜ਼ਲਾਂ ਦੇ ਸ਼ਿਅਰ ਵੀ ਹਾਜ਼ਰੀਨ ਨਾਲ ਸਾਂਝੇ ਕੀਤੇ।

ਸਮਾਗ਼ਮ ਦੇ ਦੂਸਰੇ ਮੁੱਖ- ਬੁਲਾਰੇ ਡਾ. ਜਗਮੋਹਨ ਸਿੰਘ ਸੰਘਾ ਨੇ ਆਪਣੇ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ ਸਕਲ ਵਿਚ ਪੜ੍ਹਦਿਆਂ 13-14 ਸਾਲ ਦੀ ਉਮਰ ਵਿਚ ਲਿਖਣਾ ਆਰੰਭ ਕੀਤਾ ਜਿਸ ਸਦਕਾ ਉਨ੍ਹਾਂ ਨੂੰ ਸਕੂਲ ਦੇ ਮੈਗ਼ਜ਼ੀਨ ਦਾ ਸੰਪਾਦਕ ਬਣਾ ਦਿੱਤਾ ਗਿਆ। ਪਿਤਾ ਜੀ ਦੀ ਨੌਕਰੀ ਭਾਰਤੀ ਫ਼ੌਜ ਵਿਚ ਹੋਣ ਕਾਰਨ ਉਨ੍ਹਾਂ ਨੂੰ ਆਪਣੀ ਪੜ੍ਹਾਈ ਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਕਰਨੀ ਪਈ ਜਿਸ ਕਾਰਨ ਉਹ ਸ਼ੁਰੂ ਵਿਚ ਪੰਜਾਬੀ ਬਹੁਤ ਘੱਟ ਪੜ੍ਹ ਸਕੇ। ਉਨ੍ਹਾਂ ਅੰਗਰੇਜ਼ੀ ਵਿਚ ਐੱਮ.ਏ. ਕੀਤੀ ਅਤੇ ਫਿਰ ਐੱਲ.ਐੱਲ.ਬੀ. ਤੇ ਜਰਨਲਿਜ਼ਮ ਦਾ ਕੋਰਸ ਵੀ ਕੀਤਾ। ਲਿਖਣਾ ਵੀ ਪਹਿਲਾਂ ਉਨ੍ਹਾਂ ਨੇ ਅੰਗਰੇਜ਼ੀ ਵਿਚ ਹੀ ਆਰੰਭ ਕੀਤਾ ਅਤੇ ਬਾਅਦ ਵਿਚ ਪੰਜਾਬੀ ਵੱਲ ਮੁੜੇ। ਆਪਣੇ ਸੰਬੋਧਨ ਵਿਚ ਉਨ੍ਹਾਂ ਉੱਘੇ ਪਾਕਿਸਤਾਨੀ ਪੰਜਾਬੀ ਲੇਖਕ ਫ਼ੈਜ਼ ਅਹਿਮਦ ਫ਼ੈਜ਼ ਅਤੇ ਭਾਰਤੀ ਲੇਖਕਾਂ ਖ਼ੁਸ਼ਵੰਤ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਨਾਲ ਹੋਈਆਂ ਮੁਲਾਕਾਤਾਂ ਅਤੇ ਉਨ੍ਹਾਂ ਨਾਲ ਕੀਤੀਆਂ ਗਈਆਂ ਇੰਟਰਵਿਊਆਂ ਦਾ ਵੀ ਜ਼ਿਕਰ ਕੀਤਾ ਜੋ 'ਸਾਊਥ ਏਸ਼ੀਅਨ ਆਬਜ਼ਰਵਰ','ਟਾਈਮਜ਼ ਆਫ਼ ਓਮਾਨ', ਆਦਿ ਅਖ਼ਬਾਰਾਂ ਵਿਚ ਛਪੀਆਂ। ਆਪਣੇ ਸੰਬੋਧਨ ਵਿਚ ਉਨ੍ਹਾਂ ਲਿਬਨਾਨ ਵਿਚ ਖ਼ਲੀਲ ਜਿਬਰਾਨ ਦੀ ਜਨਮ-ਭੂਮੀ ਅਤੇ ਉਸ ਦੀ ਕਬਰ ਵੇਖਣ ਦੀ ਯਾਤਰਾ ਦਾ ਬਾਖ਼ੂਬੀ ਬਿਆਨ ਕੀਤਾ। ਉਨ੍ਹਾਂ ਦੀਆਂ ਪੰਜਾਬੀ ਕਵਿਤਾਵਾਂ ਅਤੇ ਕਹਾਣੀਆਂ 'ਦੇਸ ਪ੍ਰਦੇਸ', 'ਪੰਜਾਬ ਟਾਈਮਜ਼' ਅਤੇ ਕਈ ਭਾਰਤੀ ਰਿਸਾਲਿਆਂ ਵਿਚ ਛਪਦੀਆਂ ਰਹੀਆਂ ਹਨ ਅਤੇ ਉਨ੍ਹਾਂ ਆਪਣੀਆਂ ਅੰਗਰੇਜ਼ੀ ਕਵਿਤਾਵਾਂ ਦੀ 'ਕੈਕੋਫ਼ੋਨੀ' ਨਾਂ ਦੀ ਪੁਸਤਕ ਵੀ ਛਪਵਾਈ। ਆਪਣੀ ਜੀਵਨ-ਕਹਾਣੀ ਬਾਰੇ ਦੱਸਦਿਆਂ ਉਨ੍ਹਾਂ ਬੜਾ ਖ਼ੂਬਸੂਰਤ ਸ਼ਿਅਰ ਕਿਹਾ,"ਜ਼ਿੰਦਗੀ ਦੀ ਕਹਾਣੀ ਕੀ ਦੱਸਾਂ,ਐ ਦੋਸਤੋ! ਇਕ ਬੁਲਬੁਲੇ ਜਿਹੀ ਚੀਜ਼ ਸੀ, ਫੜ੍ਹਦਾ ਹੀ ਰਹਿ ਗਿਆ।"

ਇਨ੍ਹਾਂ ਦੋਹਾਂ ਲੇਖਕਾਂ ਦੀ ਰਚਨਾ-ਪ੍ਰਕ੍ਰਿਆ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਇਸ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਪ੍ਰੋ. ਰਾਮ ਸਿੰਘ ਨੇ ਕਿਹਾ,"ਕਿਸੇ ਵੀ ਲੇਖਕ ਦੀ ਰਚਨਾ ਉਸ ਦੇ ਲਈ ਅਹਿਮ ਹੋ ਸਕਦੀ ਹੈ ਪਰ ਇਸ ਤੋਂ ਵੀ ਵਧੇਰੇ ਅਹਿਮ ਗੱਲ ਹੈ ਕਿ ਉਹ ਰਚਨਾ ਸਮਾਜ ਉੱਪਰ ਕੀ ਅਸਰ ਕਰਦੀ ਹੈ ਜਾਂ ਸਮਾਜ ਉਸ ਨੂੰ ਕਿਵੇਂ ਕਬੂਲਦਾ ਹੈ। ਉਨ੍ਹਾਂ ਕਿਹਾ ਕਿ ਤਲਵਿੰਦਰ ਮੰਡ ਨੇ ਆਪਣੇ ਬਾਰੇ ਕਾਫ਼ੀ ਖ਼ੂਬਸੂਰਤ ਗੱਲਾਂ ਸੰਕੇਤਕ ਕੀਤੀਆਂ ਹਨ ਅਤੇ ਏਸੇ ਤਰ੍ਹਾਂ ਜਗਮੋਹਨ ਸੰਘਾ ਨੇ ਖ਼ਲੀਲ ਜਿਬਰਾਨ ਬਾਰੇ ਬਾਖ਼ੂਬੀ ਬਿਆਨ ਕੀਤਾ ਹੈ ਜਿਸ ਦੀ ਸਵੈ-ਜੀਵਨੀ ਬਾਅਦ ਵਿਚ ਨਿਕੋਮੀ ਦੁਆਰਾ ਖ਼ਲੀਲ ਦੀ ਸੰਕੇਤਕ ਭਾਸ਼ਾ ਨੂੰ ਸਮਝਦਿਆਂ ਹੋਇਆਂ ਲਿਖੀ ਗਈ ਸੀ ਕਿਉਂਕਿ ਉਹ ਆਖ਼ਰੀ ਸਮੇਂ ਉਦੋਂ ਬੋਲਣ ਦੇ ਸਮਰੱਥ ਨਹੀਂ ਸੀ।

ਉਪਰੰਤ, ਸਮਾਗ਼ਮ ਦੇ ਦੂਸਰੇ ਭਾਗ ਵਿਚ ਹੋਏ ਕਵੀ-ਦਰਬਾਰ ਦਾ ਸੰਚਾਲਨ ਪਰਮਜੀਤ ਢਿੱਲੋਂ ਵੱਲੋਂ ਕੀਤਾ ਗਿਆ ਜਿਸ ਵਿਚ ਕਵੀਆਂ ਅਤੇ ਗਾਇਕਾਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ। ਇਨ੍ਹਾਂ ਵਿਚ ਮਕਸੂਦ ਚੌਧਰੀ, ਸੁਰਿੰਦਰ ਸ਼ਰਮਾ, ਮਲਵਿੰਦਰ ਸ਼ਾਇਰ, ਇਕਬਾਲ ਬਰਾੜ, ਸੁਖਮਿੰਦਰ ਰਾਮਪੁਰੀ, ਪਰਮਜੀਤ ਦਿਓਲ, ਸੋਨੀਆ ਸ਼ਰਮਾ, ਰਿੰਟੂ ਭਾਟੀਆ, ਗੁਰਦੇਵ ਚੌਹਾਨ, ਬਿਅੰਤ ਸਿੰਘ ਬਿਰਦੀ, ਗੁਰਦੇਵ ਸਿੰਘ ਰੱਖੜਾ, ਹਰਬੰਸ ਕੌਰ ਗਿੱਲ, ਹਰਮੇਸ਼, ਪ੍ਰੀਤਮ ਧੰਜਲ, ਡਾ. ਪਰਗਟ ਸਿੰਘ ਬੱਗਾ ਤੇ ਹੋਰ ਕਈ ਸ਼ਾਮਲ ਹੋਏ। ਸਮਾਗ਼ਮ ਦੇ ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਤਲਵਿੰਦਰ ਮੰਡ ਅਤੇ ਡਾ. ਜਗਮੋਹਨ ਸੰਘਾ ਵੱਲੋਂ ਆਪਣੇ ਬਾਰੇ ਸੁਹਿਰਦਤਾ ਨਾਲ ਦੱਸਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਸਮਾਗ਼ਮ ਵਿਚ ਪਹੁੰਚੇ ਸਮੂਹ ਹਾਜ਼ਰੀਨ ਦਾ ਵੀ ਦਿਲੀ ਧੰਨਵਾਦ ਕੀਤਾ।

# ਬਾਬਾ ਫਰੀਦ ਜੀ ਦਾ ਆਗਮਨ ਪੁਰਬ ਨੂੰ ਸਮਰਪਿਤ ਸਮਾਗਮ 22 ਨੂੰ



ਬਾਬਾ ਫਰੀਦ ਜੀ ਦਾ ਆਗਮਨ ਪੁਰਬ ਟਰਾਂਟੋ ਅਤੇ ਆਸ ਪਾਸ ਦੇ ਇਲਾਕੇ 'ਚ ਵਸਦੀ ਫਰੀਦਕੋਟ ਸਿੱਖ ਸੰਗਤ ਵੱਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ 20, 21, 22 ਸਤੰਬਰ ਨੂੰ ਮਾਲਟਨ ਗੁਰੂ-ਘਰ (ਕੈਨੇਡਾ) 'ਚ ਮਨਾਇਆ ਜਾ ਰਿਹਾ ਹੈ। 22 ਸਤੰਬਰ ਨੂੰ ਭੋਗ ਪੈਣ ਉਪਰੰਤ ਵੱਡੇ ਸਮਾਗਮ ਸਜਾਏ ਜਾਣਗੇ ਜਿੱਥੇ ਗੁਰੂ ਜਸ ਕੀਰਤਨ ਦਰਬਾਰ ਹੋਵੇਗਾ ਅਤੇ ਬਾਬਾ ਫਰੀਦ ਜੀ ਦੀ ਬਾਣੀ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਜਾਣਗੇ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਸਮਾਗਮਾਂ ਚ ਹਾਜ਼ਰੀ ਭਰੀ ਜਾਵੇ। ਜ਼ਿਆਦਾ ਜਾਣਕਾਰੀ ਲਈ ਮਾਸਟਰ ਜੰਗੀਰ ਸਿੰਘ ਢਿੱਲੋਂ ਨਾਲ ਜਾਂ ਬਲਵੰਤ ਬਰਾੜ ਪਿੰਡ ਭਾਣਾ ਨੂੰ 647-988-1274 ਤੇ ਸੰਪਰਕ ਕੀਤਾ ਜਾ ਸਕਦਾ ਹੈ

# ਪਰਕਸ ਵੱਲੋਂ ਡਾ. ਖ਼ੇਮ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 17 ਸਤੰਬਰ (ਪੋਸਟ ਬਿਊਰੋ): ਪੰਜਾਬੀ ਰਾਈਟਰਜ਼ ਕੋਆ-ਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ਅੰਮ੍ਰਿਤਸਰ (ਪਰਕਸ) ਨੇ ਡਾ.ਖ਼ੇਮ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪ੍ਰੈੱਸ ਨੂੰ ਜਾਰੀ ਇੱਕ ਸਾਂਝੇ ਬਿਆਨ ਵਿੱਚ ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ ,ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ ਤੇ ਸਕੱਤਰ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪਦਮ ਭੂਸ਼ਨ ਨਾਲ ਸਨਮਾਨਿਤ ਡਾ. ਗਿੱਲ ਅੰਤਰ-ਰਾਸ਼ਟਰੀ ਖੇਤੀ ਵਿਗਿਆਨੀ ਸਨ ਜਿਨ੍ਹਾਂ ਨੇ ਨਾ ਕੇਵਲ ਭਾਰਤ ਸਗੋਂ ਪਾਕਿਸਤਾਨ ਵਿਚ ਵੀ ਹਰਾ ਇਨਕਲਾਬ ਲਿਆਉਣ ਵਿਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ 1949 ਵਿਚ ਖੇਤੀਬਾੜੀ ਵਿਚ ਬੀ.ਐਸਸੀ.ਕੀਤੀ , ਪੰਜਾਬ ਯੂਨੀਵਰਸਿਟੀ ਚੰਡੀਗੜ ਤੋਂ 1951 ਵਿਚ ਐਮ. ਐੱਸ ਸੀ. ਤੇ 1963 ਵਿਚ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੈਲੀਫ਼ੋਰਨੀਆ ਤੋਂ ਪੀ-ਐੱਚ.ਡੀ. ਕੀਤੀ। ਉਹ ਖ਼ੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਚ ਵੱਖ ਵੱਖ ਆਹੁਦਿਆਂ ਤੇ ਰਹਿ। ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਵੇਖਦੇ ਹੋਇ ਉਨ੍ਹਾਂ ਨੂੰ 1990 ਵਿੱਚ ਇਸੇ ਯੂਨੀਵਰਸਿਟੀ ਵਿਚ ਉੱਪ- ਕੁਲਪਤੀ ਨਿਯੁਕਤ ਕੀਤਾ ਗਿਆ ,ਜਿੱਥੋਂ ਉਹ 1993 ਵਿਚ ਸੇਵਾ ਮੁਕਤ ਹੋਇ। ਉਨ੍ਹਾਂ ਦੇ ਸਮੇਂ ਯੂਨੀਵਰਸਿਟੀ ਨੇ ਕਈ ਖੇਤਰਾਂ ਵਿਚ ਮੱਲਾਂ ਮਾਰੀਆਂ । ਉਨ੍ਹਾਂ ਨੇ ਕਣਕ,ਤਿੱਲ, ਬਾਜਰਾ , ਜੌਂ ਤੇ ਹੋਰ ਫ਼ਸਲਾਂ ਦੀਆਂ ਨਵੀਆਂ ਕਿਸਮਾਂ ਦੀ ਖੋਜ ਕੀਤੀ ਤੇ 475 ਦੇ ਕ੍ਰੀਬ ਖ਼ੋਜ ਪੱਤਰ ਤੇ ਲੇਖ ਲਿੱਖਣ ਤੋਂ ਇਲਾਵਾ 17 ਵਿਦਿਆਰਥੀਆਂ ਨੂੰ ਪੀ-ਐੱਚ.ਡੀ. ਕਰਵਾਈ।

ਸੇਵਾ ਮੁਕਤੀ ਪਿੱਛੋਂ ਉਨ੍ਹਾਂ ਨੇ ਉਨ੍ਹਾਂ ਨੇ ਆਪਣੀ ਜਿੰਦਗੀ ਪੰਜਾਬ, ਪੰਜਾਬੀਅਤ ਤੇ ਸਿੱਖੀ ਨੂੰ ਪ੍ਰਫੁਲਤ ਕਰਨ ਲਈ ਬੜੂ ਸਾਹਿਬ ਐਜੂਕੇਸ਼ਨ ਟਰੱਸਟ ਨਾਲ ਜੁੜ ਕੇ ਲਾ ਦਿੱਤੀ। ਉਹ ਪਰਕਸ ਦੇ ਕਈ ਸਮਾਗਮਾਂ ਦੀ ਸ਼ਾਨ ਵੀ ਬਣੇ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਪੰਜਾਬੀ ਜਗਤ ਨੂੰ ਕਦੇ ਨਾ ਪੂਰਾ ਕੀਤਾ ਜਾਣਾ ਵਾਲਾ ਘਾਟਾ ਪਿਆ ਹੈ ਤੇ ਪੰਜਾਬੀ ਸਾਹਿਤ ਜਗਤ ਇੱਕ ਵਿਦਵਾਨ ਤੋਂ ਵਾਂਝਾ ਹੋ ਗਿਆ ਹੈ। ਭਾਵੇਂ ਉਹ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਦੀਆਂ ਰਚਨਾਵਾਂ ਤੇ ਕੀਤੇ ਕਾਰਜ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਕਾਇਮ ਰਖਣਗੇ।

# ਨਸ਼ਿਆਂ ਸੰਬੰਧੀ ਸੂਚਨਾ ਦੇਣ ਲਈ ਵਟਸਐੱਪ ਨੰਬਰ ਜਾਰੀ



ਫਰੀਦਕੋਟ, 17 ਸਤੰਬਰ (ਗਿਆਨ ਸਿੰਘ): ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਅਤੇ ਤੰਦਰੁਸਤ ਪੰਜਾਬ ਮੁਹਿੰਮ ਤਹਿਤ ਜਿਲ੍ਹਾ ਫਰੀਦਕੋਟ ਨੂੰ ਨਸ਼ਾ ਮੁਕਤ ਕਰਨ ਲਈ ਜਿਲਾ ਪੁਲਿਸ ਵੱਲੋਂ ਇੱਕ ਵੱਟਸ-ਐਪ ਨੰਬਰ 75270-29029 ਜਾਰੀ ਕੀਤਾ ਗਿਆ ਹੈ, ਜਿਸ ਉੱਪਰ ਨਸ਼ਾ ਤਸਕਰਾਂ ਬਾਰੇ ਕੋਈ ਵੀ ਨਾਗਰਿਕ ਸੂਚਨਾ ਦੇ ਸਕਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਮਨਜੀਤ ਸਿੰਘ ਢੇਸੀ, ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ ਨੇ ਦੱਸਿਆ ਕਿ ਜਿਲਾ ਪੁਲਿਸ ਵੱਲੋਂ ਜਾਰੀ ਕੀਤੇ ਗਏ ਮੋਬਾਈਲ ਨੰਬਰ ਉੱਪਰ ਕੋਈ ਵੀ ਨਾਗਰਿਕ ਟੈਕਸਟ ਮੈਸਿਜ ਲਿਖ ਕੇ ਜਾਂ ਵੱਟਸ-ਐਪ ਤੇ ਮੈਸਿਜ ਕਰਕੇ ਕਿਸੇ ਵੀ ਮਾੜੇ ਅਨਸਰ, ਨਸ਼ਾ ਤਸਕਰ ਜਾਂ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਵਿਅਕਤੀ ਬਾਰੇ ਸਾਰੀ ਜਾਣਕਾਰੀ ਲਿਖ ਕੇ ਭੇਜ ਜਾਂ ਦੱਸ ਸਕਦਾ ਹੈ। ਉਹਨਾਂ ਦੱਸਿਆ ਕਿ ਇਹ ਨੰਬਰ ਖੁਦ ਉਹਨਾਂ (ਐਸ.ਐਸ.ਪੀ) ਕੋਲ ਹੋਵੇਗਾ ਅਤੇ 24 ਘੰਟੇ ਚੱਲਦਾ ਰਹੇਗਾ। ਪ੍ਰੰਤੂ ਇਸ ਨੰਬਰ ਤੇ ਕੋਈ ਵੀ ਵੁਆਇਸ ਕਾਲ ਨਹੀਂ ਲਈ ਜਾਵੇਗੀ। ਕੋਈ ਵੀ ਨਾਗਰਿਕ ਬੇਝਿੱਜਕ ਹੋ ਕੇ ਨਸ਼ਾ ਤਸਕਰਾਂ ਦੀ ਜਾਣਕਾਰੀ ਭੇਜ ਸਕਦਾ ਹੈ। ਨਾਗਰਿਕ ਦੁਆਰਾ ਭੇਜੀ ਗਈ ਜਾਣਕਾਰੀ ਨੂੰ ਬਿਲਕੁੱਲ ਗੁਪਤ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਨਸ਼ੇ ਖਿਲਾਫ ਪੰਜਾਬ ਸਰਕਾਰ ਵੱਲੋਂ ਚਲਾਏ ਜਾਗਰੂਕਤਾ ਅਭਿਆਨ ਤਹਿਤ ਲੋਕ ਬਹੁਤ ਜਾਗਰੂਕ ਹੋ ਗਏ ਹਨ, ਪ੍ਰੰਤੂ ਅਜੇ ਵੀ ਕੁੱਝ ਲੋਕ ਸਬੰਧਤ ਪੁਲਿਸ ਥਾਣਾ ਲੈਵਲ ਤੇ ਨਸ਼ਾ ਤਸਕਰਾਂ ਖਿਲਾਫ ਜਾਣਕਾਰੀ ਦੇਣ ਤੋਂ ਝਿੱਜਕਦੇ ਸਨ, ਇਸ ਲਈ ਇਹ ਨੰਬਰ ਚਲਾਇਆ ਗਿਆ ਹੈ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬੇਝਿੱਜਕ ਹੋ ਕੇ ਨਸ਼ਾ ਤਸਕਰਾਂ ਬਾਰੇ ਕੋਈ ਵੀ ਜਾਣਕਾਰੀ ਇਸ ਮੋਬਾਈਲ ਨੰਬਰ ਤੇ ਟੈਕਸਟ ਮੈਸਿਜ ਲਿਖ ਕੇ ਜਾਂ ਵੱਟਸ-ਐਪ ਤੇ ਮੈਸਿਜ ਭੇਜ ਸਕਦਾ ਹੈ। ਉਹਨਾਂ ਦੁਆਰਾ ਭੇਜੀ ਗਈ ਜਾਣਕਾਰੀ ਤਸਦੀਕ ਕਰਕੇ ਫੌਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਸ੍ਰੀ ਢੇਸੀ ਨੇ ਦੱਸਿਆ ਕਿ ਉਹਨਾਂ ਨੂੰ ਉਮੀਦ ਹੈ ਕਿ ਜਿਲਾ ਦੇ ਜਾਗਰੂਕ ਲੋਕ ਨਸ਼ੇ ਨੂੰ ਖਤਮ ਕਰਨ ਲਈ ਪੁਲਿਸ ਦਾ ਖੁੱਲ ਕੇ ਸਾਥ ਦੇਣਗੇ। ਉਹਨਾਂ ਕਿਹਾ ਕਿ ਨਸ਼ੇ ਦੀ ਗ੍ਰਿਫਤ ਵਿੱਚ ਆ ਚੁੱਕੇ ਵਿਅਕਤੀਆਂ ਨੂੰ ਸਮਝਾ-ਬੁੱਝਾ ਕੇ ਸੈਮੀਨਾਰ ਲਗਾ ਕੇ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਇੰਨਾਂ ਨੌਜਵਾਨਾ ਦਾ ਇਲਾਜ ਵੀ ਪੰਜਾਬ ਸਰਕਾਰ ਵੱਲੋਂ ਮੁਫਤ ਵਿੱਚ ਕੀਤਾ ਜਾ ਰਿਹਾ ਹੈ। ਇਸ ਮੌਕੇ ਸ: ਭੁਪਿੰਦਰ ਸਿੰਘ ਐਸ.ਪੀ.ਐੱਚ (ਐੱਚ) , ਐਸ.ਪੀ. ਮੈਡਮ ਗੁਰਮੀਤ ਕੌਰ, ਅਤੇ ਡੀ.ਐਸ.ਪੀ. ਸ: ਗੁਰਪ੍ਰੀਤ ਸਿੰਘ ਵੀ ਮੌਜੂਦ ਸਨ।

# ਮੌਤਾਂ ਦੀ ਗਿਣਤੀ ਅੱਧੀ ਕਰਨ ਲਈ ਟ੍ਰੈਫਿਕ ਦੇ ਜੁਰਮਾਨਿਆਂ ਦਾ ਜ਼ੋਰ


ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਸੜਕ ਹਾਦਸਿਆਂ 'ਚ ਮੌਤਾਂ ਦੀ ਡਰਾਉਣੀ ਗਿਣਤੀ ਘੱਟ ਕਰਨ ਲਈ ਕੇਂਦਰ ਸਰਕਾਰ ਨੇ ਮੋਟਰ ਵਾਹਨ ਸੋਧ ਐਕਟ ਦੇ ਜੁਰਮਾਨੇ ਤਾਂ ਫਟਾਫਟ ਲਾਗੂ ਕਰ ਦਿੱਤੇ, ਪਰ ਇਹ ਭੁੱਲ ਗਈ ਕਿ ਏਨਾ ਹੀ ਕਾਫੀ ਨਹੀਂ। ਮੋਟਰ ਐਕਟ ਵਿੱਚ ਇਸ ਤੋਂ ਕਿਤੇ ਵੱਧ ਮਹੱਤਵ ਪੂਰਨ ਹੋਰ ਪ੍ਰਬੰਧਾਂ ਦਾ ਜ਼ਿਕਰ ਹੈ। ਏਸੇ ਲਈ ਸਾਰੀ ਨੇਕ-ਨੀਤੀ ਦੇ ਬਾਵਜੂਦ ਇਸ ਕਾਨੂੰਨ ਨੂੰ ਲਾਗੂ ਕਰਨ ਵਿੱਚ ਵਿਹਾਰਕ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਅਤੇ ਜਨਤਾ ਹੀ ਨਹੀਂ, ਸੂਬਾ ਸਰਕਾਰਾਂ ਵੀ ਇਸ ਵਿੱਚ ਇਕੱਠੀਆਂ ਹੋ ਗਈਆਂ ਹਨ। ਵਰਨਣ ਯੋਗ ਹੈ ਕਿ ਨਵੰਬਰ 2015 ਵਿੱਚ ਬ੍ਰਾਜ਼ੀਲ 'ਚ ਵਿਸ਼ਵ ਸਿਹਤ ਸੰਗਠਨ (ਡਬਲਊ ਐਚ ਓ) ਦੇ ਮੈਂਬਰ ਦੇਸ਼ਾਂ ਦੇ 2200 ਪ੍ਰਤੀਨਿਧਾਂ ਨੇ ਹਿੱਸਾ ਲਿਆ ਸੀ ਅਤੇ ਯੂ ਐਨ ਦੀ ਛਤਰ ਛਾਇਆ ਹੇਠ ਕੀਤੇ ਗਏ ਇਸ ਸੰਮੇਲਨ ਵਿੱਚ 2011-20 ਦੌਰਾਨ ਮੈਂਬਰ ਦੇਸ਼ਾਂ ਲਈ ਸੜਕ ਸੁਰੱਖਿਆ ਸਬੰਧੀ ਯੋਜਨਾਵਾਂ ਤੇ ਪ੍ਰੋਗਰਾਮਾਂ ਦੇ ਅਮਲ ਦਾ ਰੋਡਮੈਪ ਪੇਸ਼ ਕੀਤਾ ਗਿਆ ਸੀ। 'ਬ੍ਰਾਜ਼ੀਲੀਆ ਡੈਕਲੈਰੇਸ਼ਨ' ਨਾਂ ਨਾਲ ਜਾਰੀ ਸੰਮੇਲਨ ਦੇ ਐਲਾਨਨਾਮੇ 'ਤੇ ਭਾਰਤ ਸਮੇਤ ਤਮਾਮ ਦੇਸ਼ਾਂ ਨੇ ਦਸਤਖਤ ਕੀਤੇ ਸਨ। ਇਸ ਵਿੱਚ ਭਾਰਤ ਨੂੰ 2020 ਤੱਕ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਅੱਧੀ ਕਰਨ ਦਾ ਟੀਚਾ ਦਿੱਤਾ ਗਿਆ ਸੀ। ਸੰਮੇਲਨ ਤੋਂ ਬਾਅਦ ਸੜਕੀ ਆਵਾਜਾਈ ਤੇ ਹਾਈਵੇਜ਼ ਮੰਤਰਾਲੇ ਨੇ ਐਲਾਨਨਾਮੇ ਦੇ ਟੀਚਿਆਂ ਉੱਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਲਈ ਫਰਵਰੀ 2016 'ਚ ਰਾਜਸਥਾਨ ਦੇ ਆਵਾਜਾਈ ਮੰਤਰੀ ਯੂਨਸ ਖਾਨ ਦੀ ਅਗਵਾਈ 'ਚ 18 ਸੂਬਿਆਂ ਤੇ ਚਾਰ ਕੇਂਦਰ ਸ਼ਾਸਿਤ ਸੂਬਿਆਂ ਦੇ ਆਵਾਜਾਈ ਮੰਤਰੀਆਂ ਦੀ ਮੈਂਬਰਾਂ ਵਾਲੇ ਮੰਤਰੀ ਸਮੂਹ (ਜੀ ਓ ਐਮ) ਦਾ ਗਠਨ ਕੀਤਾ ਗਿਆ।


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage
Independently Owned and Operated

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਘਿਰਣਤ-ਅਪਰਾਧ: ਮੋਦੀ ਰਾਜ ਅੰਦਰ ਹਿੰਦੂਤਵੀ ਸੰਕੀਰਨ ਸੋਚ



-ਜਗਦੀਸ਼ ਸਿੰਘ ਚੋਹਕਾ-

ਭਾਰਤ ਵਰਗੇ ਬਹੁਲਤਾਵਾਦੀ ਪਾਰਲੀਮਨੀ ਜਮਹੂਰੀ ਦੇਸ਼ ਅੰਦਰ, 'ਜਿੱਥੇ ਸਹਿਣਸ਼ੀਲਤਾ ਅਤੇ ਆਪਸੀ ਭਾਈਚਾਰਕ ਸਾਂਝਾ ਦੀ ਸਦੀਆਂ ਪੁਰਾਣੀ ਤਹਿਜ਼ੀਬ ਅਤੇ ਸਰੀਕੇ ਦੀ ਇੱਕ ਪੁਰਾਣੀ ਪਰੰਪਰਾ ਰਹੀ ਹੈ ! ਉਸ ਸੱਭਿਆਚਾਰਕ ਮਜਬੂਤ ਤੰਦਾਂ ਨੂੰ 'ਆਜ਼ਾਦੀ ਬਾਦ ਮਜਬੂਤ ਤਾਂ ਕੀ ਕਰਨਾ ਸੀ, ਸਗੋਂ ! ਸੱਜ ਪਿਛਾਖੜੀ ਫਿਰਕੂ ਹਿੰਦੂਤਵੀ ਸ਼ਕਤੀਆਂ, 'ਜਿਸਦੀ ਅਗਵਾਈ ਆਰ.ਐਸ.ਐਸ. ਕਰਰਹੀ ਹੈ, 'ਨੇ ਤਾਰ-ਤਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਮੋਦੀ ਜੀ ਅਗਵਾਈ ਅਧੀਨ, 'ਦੇਸ਼ ਦੀ ਰਾਜ ਗੱਦੀ ਤੇ ਕਾਬਜ਼ਬੀ.ਜੇ.ਪੀ. ਪਾਰਟੀ ਨੇ, 'ਆਪਣੇ ਹਿੰਦੂਤਵ ਅਜੰਡੇ ਨੂੰਲਾਗੂ ਕਰਨਲਈ, 'ਹੁਣ ਸਾਰੇ ਵਿਧਾਨਕ ਅਦਾਰਿਆ ਅਤੇ ਸੰਸਥਾਨਾਂ ਦੀ ਅੰਦਰੋ ਤੋੜ-ਭੰਨ ਕਰ ਦਿੱਤੀ ਹੈ ਤੇ ਸੰਵਿਧਾਨਲਈਨਵੀਆਂ 'ਚਣੌਤੀਆਂ ਪੈਦਾ ਕਰ ਦਿੱਤੀਆਂ। ਭਾਰਤੀ ਸਮਾਜ ਅੰਦਰ ਹਿੰਸਕ ਪ੍ਰਵਿਤੀ, 'ਜੋ ਜਮਹੂਰੀਅਤ ਅਤੇ ਸੱਭਿਅਕ ਰਾਸ਼ਟਰਲਈ ਇੱਕ ਸ਼ਰਮਨਾਕ ਧੱਬਾ ਹੈ, ਉਸਤੋਂ ਵੀ ਅੱਗੇ ਜਾ ਕੇ ਘੱਟ ਗਿਣਤੀਆਂ, ਦਲਿਤਾਂ ਅਤੇ ਇਸਤਰੀਆਂ ਉਪਰ ਹਮਲੇ ਸੇਧ ਦਿੱਤੇ ਹਨ ? ਇਹ ਸਾਫ ਹੈ, 'ਕਿ ਹੁਣ ਇਹ ਦੇਸ਼ ਅਤੇ ਕਾਨੂੰਨ ਵਿਵੱਸਥਾ ਦਾ ਮੱਸਲਾ ਹੀ ਨਹੀਂ, 'ਸਗੋਂ ਮੋਦੀ ਦਾ ਏਕਾ ਅਧਿਕਾਰਰਾਹੀਂ ਫਾਸ਼ੀ ਵੱਲਵੱਧਦਾ ਹੈ ?

ਗਊ-ਰੱਖਿਆ ਵਲੋਂ ਗਊਆਂ ਦੀ ਤਸਕਰੀ ਅਤੇ ਗਊ-ਮਾਸ ਅਜਿਹੇ ਦੋਸ਼ਲਾਉਣੇ, 'ਖੁਦ ਹੀ ਦੋਸ਼ਮੜ੍ਹਕੇ ਤੇ ਖੁਦ ਹੀ ਹਜੂਮਵੱਲੋਂ ਘੱਟ ਗਿਣਤੀ ਫਿਰਕੇ ਦੇ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣਾ ਅਤੇ ਉਨ੍ਹਾਂ ਨੂੰ ਗਾਂ ਮਾਤਾ ਦੀ ਜੈ ਤੇ ਜੈ ਸ਼੍ਰੀ ਰਾਮ ਦੀ ਕਹਿਣ ਲਈਮਜ਼ਬੂਰ ਕਰਨਾ ? ਮੋਦੀ ਰਾਜ ਅੰਦਰ ਉਪਰੋਕਤ ਚਲਰਹੀ ਇਹ ਹਿੰਸਕ ਲਹਿਰ ਕੋਈ ਅਚਨਚੇਤ ਨਹੀਂ ਹੈ ? ਨਾ ਹੀ ਇਹ ਮੰਨਣਾ ਜਾਇਜ਼ ਹੋਵੇਗਾ, 'ਕਿ ਇਹ ਕਾਨੂੰਨ ਕਰਕੇ ਹੈ ? ਸਗੋਂ ਇਹ ! ਭਾਰੂ ਰਾਜਨੀਤਿਕ ਸੋਚਵਾਲੀ ਰਾਜਨੀਤੀ 'ਤੇ ਕਾਬਜ ਫਿਰਕੇ ਦੀ ਧੌਂਸ, ਸਰਦਾਰੀ ਅਤੇ ਜੁਲਮ ਦਾ ਪ੍ਰਤੀਕ ਹੈ ? ਗੱਲ, ਇੱਥੇ ਹੀ ਮੁਕਦੀ ਨਹੀਂ ਹੈ ? ਜੰਮੂ-ਕਸ਼ਮੀਰ ਦੇ ਵਿਧਾਨਕ ਹੱਕ, 'ਧਾਰਾ-370 ਅਤੇ ਧਾਰਾ-35-ਏ ਦੇ ਖਾਤਮੇ ਬਾਦ, 'ਹਿੰਦੂਤਵੀ ਸ਼ਕਤੀਆਂ ਨੂੰ ਮਿਲੀ ਹੱਲਾ ਸ਼ੇਰੀ ਰਾਹੀਂ, 'ਹੁਣ ਇਹ ਹੋਰਵੀ ਸਪਸ਼ਟ ਹੋ ਗਿਆ ਹੈ, 'ਕਿ ਹਮੂਸ ਵਲੋਂ ਹੋ ਰਹੇ ਘੱਟ ਗਿਣਤੀਆਂ 'ਤੇ ਹਮਲੇ ਉਪਰੋਕਤ ਕਰਕੇ ਹੀ ਹਨ। ਬੀ.ਜੇ.ਪੀ. ਦੇ ਹਰਿਆਣਾ ਦੇ ਮੁੱਖ-ਮੰਤਰੀ ਤੇ ਬੀ.ਜੇ.ਪੀ. ਦੇ ਵਿਧਾਇਕਾਂ ਵਲੋਂ ਇਹ ਕਹਿਣਾ, 'ਕਿ ਹੁਣ ਸ਼ਾਦੀ ਲਈ ਲੜਕੀਆਂ ਬਿਹਾਰ ਦੀ ਥਾਂ ਜੰਮੂ-ਕਸ਼ਮੀਰ 'ਚ ਅਤੇ ਦੇਸ਼ ਦੇ ਮੁਸਲਮਾਨਾਂ ਨੂੰ ਖੁਸ਼ ਹੋਣਾ ਚਾਹੀਦਾ ਹੈ, 'ਕਿ ਉਨ੍ਹਾਂ ਨੂੰ ਆਸਾਨੀ ਨਾਲ ਗੋਰੀਆਂ ਲੜਕੀਆਂ ਕਸ਼ਮੀਰ 'ਚ ਮਿਲ ਜਾਣਗੀਆਂ। ਇਹ ਧਾਰਨਾਵਾਂ ਨੂੰ ਕਿਸੇ ਸੱਭਿਅਕ ਸੋਚ ਦੀ ਉਪਜ ਨਹੀਂ, ਸਗੋਂ ਆਰ.ਐਸ.ਐਸ. ਦੀ ਹੀ ਹੋ ਸਕਦੀ ਹੈ।

ਮੋਦੀ ਸਰਕਾਰਨੇ ਰਾਜ, ਅੰਦਰ ਸਾਲ 2014 ਤੋਂ ਹੀ 'ਦੇਸ਼ ਦੇ ਲੋਕਾਂ ਨੂੰ ਦਹਿਸ਼ਤ ਗਰਦ ਅਤੇ ਰਾਸ਼ਟਰੀ ਵਿਰੋਧੀ ਗਰਦਨਾਣਾ, ਬੇ-ਕਸੂਰਮੁਸਲਮਾਨਾ ਵਿਰੁੱਧ, 'ਗੈਰ ਕਨੂੰਨੀ ਗਤੀਵਿਧੀਆ (ਰੋਕੂ ਐਕਟ) ਅਤੇ ਦੇਸ਼-ਧਰੋਹ ਕਨੂੰਨਾਂ ਦੀ ਅੰਧਾ ਧੁੰਦ ਵਰਤੋਂ ਰਾਹੀਂ ਜਬਰ ਜੁਲਮ ਦਾ ਮਾਹੌਲ ਸਿਰਜਿਆ ਹੋਇਆ ਹੈ ? ਬਹੁ-ਗਿਣਤੀ ਫਿਰਕਾਪ੍ਰਸਤੀ ਦੇ ਘਿਰਣਿਤ-ਹਮਾਲਿਆਂ ਨੇ, 'ਘੱਟ-ਗਿਣਤੀ ਫਿਰਕਾਪ੍ਰਸਤੀ ਅਤੇ ਅੱਤਵਾਦ ਦੀਆਂ ਸਰਗਰਮੀਆਂ ਲਈ ਜਮੀਨਪੈਦਾ ਕਰਕੇ, ਇਹ ਹਾਨੀਕਾਰਕ ਰੁਝਾਨਾਂ ਰਾਹੀਂ ਘੱਟ ਗਿਣਤੀਆਂ ਲਈ ਖਤਰਿਆਂ ਨੂੰ ਜਨਮ ਦਿੱਤਾ ਹੈ। ਇਸੇ ਕਰਕੇ ਮੋਦੀ ਰਾਜ ਅੰਦਰ ਘੱਟ ਗਿਣਤੀਆਂ ਵਿਰੁਧ ਅੱਜ ਘਿਰਣਤ-ਅਪਰਾਧਿਕ ਹਮਲੇ ਤੇਜ਼ ਹੋਏ ਹਨ ? ਭਾਵੇਂ ਹਾਕਮ ਇਨ੍ਹਾਂ ਨੂੰ ਅਮਨ-ਕਨੂੰਨ ਜਾਂ ਵਾਕਿਆਤ ਘਟਨਾਵਾਂ ਦਾ ਨਾਂ ਦੇ ਕੇ ਮਾਮਲਾ ਆਲੇ-ਟਾਲੇ ਕਰ ਰਿਹੇ ਹਨ ! ਪਰ ਘੱਟ ਗਿਣਤੀਆਂ, ਦਲਿਤਾਂ ਅਤੇ ਇਸਤਰੀਆਂ ਤੇ ਹੋ ਰਹੇ ਹਮਲੇ, ਦੇਸ਼ ਅੰਦਰ ਹੀ ਨਹੀਂ ਸਗੋਂ ਕੌਮਾਂਤਰੀ ਪੱਧਰ 'ਤੇ ਵੀ ਮੀਡੀਆਂ ਰਾਹੀਂ ਅੱਜ ਜੱਗ-ਜਾਹਰ ਹੋ ਰਹੇ ਹਨ ? ਇਨ੍ਹਾਂ ਹਿੰਸਕ ਘਟਨਾਵਾਂ ਨੂੰ ਜੋ ਹਿੰਦੂਤਵੀ-ਲਾਣਾ ਹਾਕਮਪਾਰਟੀ ਦੀ ਸ਼ਹਿ ਅਧੀਨ ਹੀ ਅੰਜਾਮ ਦੇ ਰਿਹਾ ਹੈ ! ਮੋਦੀ ਦੇ ਨੱਕ ਹੇਠਾਂ ਹੋਣ ਦੇ ਬਾਵਜੂਦ, ਮੋਦੀ ਚੁੱਪਰਹਿ ਕੇ, ਮੋਨਧਾਰੀ ਬੈਠਾ ਹੈ ? ਕਿੰਨੀ ਸੰਕੀਰਨ ਸੋਚ ਹੈ !

ਹਾਜੂਮੀ ਹਿੰਸਾ ਦੇ ਇਸ ਦੌਰ ਅੰਦਰ ! ਰਾਸ਼ਟਰਵਾਦੀ ਗਊ-ਭਗਤਾਂ ਅਤੇ ਭਾਰਤੀ ਹੋਣ ਦਾ ਮਾਣ ਮਾਨਣ ਵਾਲੇ, ਘਿਰਣਿਤ-ਜੁਰਮਾਂ ਦੇ ਭਾਗੀ ਇਹ 'ਗੰਵਾਰ' (:ੳਝ੍ਹਬਟ) ! ਇਨ੍ਹਾਂ ਨੂੰਭਾਰਤ ਦੇ ਸੰਵਿਧਾਨ ਅੰਦਰ ਅਜਿਹਾ ਕਰਨ ਦੇ ਕਨੂੰਨੀ ਹੱਕ ਕਿਸ ਨੇ ਦਿੱਤੇ ਹਨ ? ਕੀ ਇਹ ਲੋਕ ! ਭਾਰਤ ਦੇ ਕਨੂੰਨ ਤੋਂ ਵੱਡੇ ਹਨ ਜਾਂ ਇਨ੍ਹਾਂ ਨੂੰ ਹਾਕਮਾਂ ਦੀ ਕੋਈ ਪੁਸ਼ਤ ਪਨਾਹੀ ਹੈ ? ਭਾਰਤ ਦਾ ਪ੍ਰਧਾਨਮੰਤਰੀ, ਉਸਦੀ ਸਰਕਾਰ ਅਤੇ ਹਾਕਮਪਾਰਟੀ ਬੀ.ਜੇ.ਪੀ., 'ਸਭ ਇਨ੍ਹਾਂ ਘਿਰਣਤ-ਜੁਰਮਾਂ ਵਾਲੀ ਰਾਜਨੀਤੀ ਵਿਰੁੱਧ ਸੰਵਿਧਾਨਿਕ ਫਰਜ ਨਿਭਾਉਣ ਦੀ ਥਾਂ, 'ਅਜਿਹੇ ਅਣ ਮਨੁੱਖੀ ਕਾਰੇ ਕਰਨ, ਵਾਲਿਆਂ ਨੂੰ ਸਗੋਂ ਪਤਿਆਉਦੇਂ ਨਜ਼ਰ ਆਉਂਦੇ ਹਨ ! ਰਾਜਤੰਤਰਵਲੋਂ ਹਾਕਮ ਧਿਰ ਦੇ ਦਬਾਅ ਅਧੀਨਪਹਿਲਾ ਤਾਂ ਦੋਸ਼ੀਆਂ ਵਿਰੁਧ ਕਾਰਵਾਈ ਨਹੀਂ ਹੁੰਦੀ ਹੈ ! ਜੇਕਰ ਕੇਸ ਦਰਜ ਹੋ ਵੀ ਜਾਵੇ ਤਾਂ, ਬਸਤੀਵਾਦੀ ਰਹਿੰਦ-ਖੂਹਦ ਵਾਲੇ ਕਨੂੰਨਾਂ ਅੰਦਰ ਖਲਾਅ ਹੋਣ ਕਰਕੇ ਦੋਸ਼ੀ ਬਰੀ ਹੋ ਜਾਂਦੇ ਹਨ ? ਕਈ ਵਾਰ ਹਾਕਮ ਧਿਰ ਤੇ ਉਸ ਦੇ ਮੰਤਰੀ, 'ਜਮਾਨਤ ਹੋ ਜਾਣ 'ਤੇ ਦੋਸ਼ੀਆਂ ਦਾ ਜਲੂਸ ਕੱਢ ਕੇ ਸਨਮਾਨ ਕਰਦੇ ਹਨ। ਪਿਛਲੇ ਪੰਜ ਸਾਲਾਂ ਦੇ ਸਮੇਂ ਤੋਂ ਮੋਦੀ ਸਰਕਾਰਵੱਲੋਂ, 'ਸਾਰੇ ਦੇਸ਼ ਅੰਦਰ ਇੱਕ ਹਿੰਸਾ ਦੀ ਜਮੀਨ ਤਿਆਰ ਕਰਕੇ, 'ਘੱਟ ਗਿਣਤੀ ਲੋਕਾਂ, ਦਲਿਤਾਂ ਅਤੇ ਇਸਤਰੀਆਂ ਵਿਰੁੱਧ, ਇੱਕ ਅਣ-ਐਲਾਨਿਆਂ ਖੌਫਨਾਕ ਭੀੜ-ਤੰਤਰਯੁੱਧ ਛੇੜ ਦਿੱਤਾ।

ਘਿਰਣਿਤ-ਅਪਰਾਧਾਂ (ਨਫਰਤੀ-ਅਪਰਾਧ) ਵਿਰੁੱਧਲੋਕ ਸਭਾ ਅੰਦਰ ਗ੍ਰਹਿ ਮੰਤਰੀ ਵਲੋਂ ਰੋਕਣ ਅਤੇ ਕਾਰਵਾਈ ਕਰਨਲਈ ਦਿੱਤੇ ਵਿਸ਼ਵਾਸ਼ਾਂ ਦੇ ਬਾਵਜੂਦ "ਕੌਮਾਂਤਰੀ ਮਨੁੱਖੀ ਅਧਿਕਾਰ-ਭਾਰਤ" ਦੀ ਪਿਛਲੇ (ਪੰਜ-ਸਾਲਾਂ ਦੇ ਮੋਦੀ ਰਾਜ) ਸਾਲਾਂ -2015-2018 ਤੱਕ ਦੀ ਰਿਪੋਰਟ ਅਨੁਸਾਰ 721-ਅਜਿਹੀਆਂ ਵਾਰਦਾਤਾਂ ਦਰਜ ਕੀਤੀਆਂ ਗਈਆਂ ? ਪਿਛਲੇ ਇੱਕ ਸਾਲ ਦੌਰਾਨਨਫਰਤੀ-ਅਪਰਾਧਾਂ ਦੀ ਗਿਣਤੀ 218 ਸੀ ! ਜਿਸ ਵਿੱਚੋਂ 142-ਕੇਸ ਦਲਿਤਾਂ, 50-ਕੇਸ ਮੁਸਲਮਾਨਾਂ ਅਤੇ 40-ਕੇਸ ਇਸਤਰੀਆਂ, 8-ਕੇਸ ਇਸਾਈ, ਆਦੀਵਾਸੀ ਤੇ ਸਮਲਿੰਗੀ ਪੀੜਤਾ ਦੇ ਪਾਏ ਗਏ। ਇਸ ਤੋਂ ਬਿਨਾਂ ਬਹੁਤ ਸਾਰੇ ਅਜਿਹੇ ਕੇਸ ਹਨ ਜੋ ਕਿਸੇ ਨਾ ਕਿਸੇ ਵਜ੍ਹਾਂ ਰਾਹੀਂ ਰਜਿਸਟਰਡ ਨਹੀਂ ਹੋਏ, ਇਨ੍ਹਾਂ ਘਿਰਣਿਤ ਹਮਲਿਆਂ ਦੀ ਗਿਣਤੀ ਲਗਾਤਾਰਵੱਧਦੀ ਜਾ ਰਹੀ ਹੈ ! "ਹੇਟ-ਕਰਾਈਮਵਾਚ" (.।ਙ।।) ! ਵਲੋਂ ਧਾਰਮਿਕ-ਪਛਾਣ ਅਧੀਨ ਸਾਲ 2014 ਤੱਕ ਅਪਰਾਧਾਂ ਦੀ ਗਿਣਤੀ ਸਿੰਗਲ-ਡਿਜਿਟ ਨੋਟ ਕੀਤੀ ਸੀ। ਸਾਲ 2013 ਤੱਕ ਇਹ ਗਿਣਤੀ-9 ਸੀ। ਸਾਲ 2014 ਤੋਂ 2018 ਤੱਕ ਇਹ ਗਿਣਤੀ-152 ਪੁੱਜ ਗਈ ਜੋ ਬੀ.ਜੇ.ਪੀ. ਦੀਆਂ ਰਾਜ ਸਰਕਾਰਾਂ ਅੰਦਰਸ਼ੁਰੂ ਤੋਂ ਵੱਧ ਸੀ। ਕਾਂਗਰਸੀ ਰਾਜ ਸਰਕਾਰ ਅੰਦਰ-40 ਸੀ। ਬਾਕੀ ਦੂਸਰੀਆਂ ਪਾਰਟੀਆਂ ਅਤੇ ਗਠਜੋੜ ਸਰਕਾਰਾਂ ਅੰਦਰਵੀ ਨੋਟ ਕੀਤੀਆਂ ਗਈਆਂ ? ਉੱਤਰਪ੍ਰਦੇਸ਼ ਹੇਟ-ਕਰਾਈਮ ਸਭ ਤੋਂ ਵੱਧ, ਦੂਸਰੀ ਥਾਂ ਗੁਜਰਾਤ ਅਤੇ ਤੀਸਰੀ ਥਾਂ ਰਾਜਸਥਾਨ, ਤਾਮਿਲਨਾਡੂ ਤੇ ਬਿਹਾਰ ਸੀ !

"ਤਬਰੇਜ ਅਨਸਾਰੀ" ਘਟਨਾ ਲਈ ਪ੍ਰਧਾਨਮੰਤਰੀ ਨੇ ਦੁੱਖ ਤਾਂ ਪ੍ਰਗਟ ਕੀਤਾ (ਝਾੜਖੰਡ ਰਾਜ) ਜਿੱਥੇ ਬੀ.ਜੇ.ਪੀ. ਦਾ ਰਾਜ ਸੀ। ਰਾਜਸਥਾਨ ਅੰਦਰ ਗਊਆਂ ਦੇ ਰਾਖੇ ਸਭਬਰੀ ਹੋ ਗਏ ! ਬੁਲੰਦ ਸ਼ਹਿਰ ਅੰਦਰਪੁਲਿਸ ਅਫਸਰ ਦੇ ਕਾਤਲ ਜਮਾਨਤ 'ਤੇ ਬਾਹਰ ਆ ਗਏ ਹਨ। ਭੀੜ ਤੰਤਰਰਾਹੀ ਹਜੂਮੀ ਹਿੰਸਾ ਤੇਜ਼ ਹੁੰਦੀ ਜਾ ਰਹੀ ਹੈ ! ਪਰ ਅੱਜੇ ਤੱਕ, 'ਬੀ.ਜੇ.ਪੀ. ਦੀ ਸਰਕਾਰਵੱਲੋਂ 17 ਵੀਆਂ ਲੋਕ ਸਭਾ ਚੋਣਾਂ ਬਾਦ ਪ੍ਰਧਾਨਮੰਤਰੀ ਮੋਦੀ ਦੀਆਂ ਤਰਜੀਹਾਂ ਅਨੁਸਾਰਲੋਕਾਂ ਦੀਆਂ ਦੁਸ਼ਵਾਰੀਆਂ ਦੀ ਸਾਰਲੈਣ ਲਈ ਸਮਾਂ ਨਹੀਂ ਹੈ ! ਸਗੋਂ ਉਹ ਤਾਂ ਆਪਣੇ ਆਕਾ ਆਰ.ਐਸ.ਐਸ. ਦੇ ਅਜੰਡੇ ਨੂੰ ਅਮਲੀ ਜਾਮਾਂ ਪਹਿਨਾਉਣ ਲਈ, 'ਹਿੰਦੂ ਰਾਜ ਵੱਲਵੱਧਣ ਲਈ, 'ਭਾਰਤੀਆਂ ਵਲੋਂ ਕੁਰਬਾਨੀਆਂ ਦੇ ਕੇ ਖੂਨਨਾਲ ਲਿਖੇ ਸੰਵਿਧਾਨਨੂੰਧੋਖਾ ਦੇ ਕੇ (ਨਥਓਵੰਢ), 'ਕਤਲ ਕਰਨਵੱਲ ਤੁਰਪਏ ਹਨ ? ਘਿਰਣਿਤ-ਅਪਰਾਧਰੋਕਣ ਲਈ ਸਾਡੇ ਪਾਸ ਬਹੁਤ ਸਾਰੇ ਇੰਡੀਅਨਪੇਨਲ ਕੋਡ ਹਨ, 'ਜਿਨ੍ਹਾਂ ਦੀ ਵਰਤੋਂ ਰਾਹੀਂ ਅਜਿਹੇ ਦੋਸ਼ੀਆਂ ਨੂੰ ਸਜਾਂ ਦਿੱਤੀ ਜਾ ਸਕਦੀ ਹੈ ! ਪਰ ਜਦੋਂ ਹਾਕਮ, ਉਸ ਦਾ ਰਾਜਤੰਤਰ ਅਤੇ ਰਾਜਸੀ ਨੀਅਤ ਅਜਿਹਾ ਚਾਹੁੰਦੀ ਹੀ ਨਹੀਂ ਹੈ ਤਾਂ ਇਨਸਾਫ ਕੌਣ ਦੇਵੇਗਾ ? ਭਾਵੇਂ ਮਾਣਯੋਗ ਸੁਪਰੀਮ ਕੋਰਟ ਨੇ ਹਰਰਾਜਾਂ ਨੂੰ ਅਜਿਹਾ ਅਪਰਾਧਰੋਕਣ ਲਈ ਜਿਲਿਆਂ ਦੇ ਪੁਲਿਸ ਮੁੱਖੀਆਂ ਨੂੰ ਸਖਤ ਹਦਾਇਤਾਂ ਅਤੇ ਗਾਈਡ ਲਾਈਨਾਂ ਦਿੱਤੀਆਂ ਹੋਈਆਂ ਹਨ। ਪਰ ਅਵੱਗਿਆ ਕਰਨਵਾਲੇ ਲੋਕ, 'ਜਿਹੜੇ ਖੁਦ ਅਜਿਹੀ ਇੱਛਾਂ ਅਤੇ ਉਦੇਸ਼ਲੈ ਕੇ ਕਾਰੇ ਕਰਨਲਈ ਬਜਿਦ ਹਨ, 'ਜਿਨ੍ਹਾਂ ਨੂੰਮਨੁੱਖਤਾ ਵਿਰੁੱਧ ਭਿੰਨ-ਭੇਦ ਪੈਦਾ ਕਰਨ ਦੀ ਸਿੱਖਿਆ ਦਿੱਤੀ ਹੋਈ ਹੈ, ਉਨ੍ਹਾਂ ਨੂੰ ਹੁਣ ਕੀ ਜਨਤਾ ਰੋਕਣ ਲਈ ਅੱਗੇ ਆਵੇ ? ਇਹ ਸਵਾਲਬੜਾ ਪਚੀਦਾ ਹੈ ?

17-ਵੀਂ ਲੋਕ ਸਭਾ ਅੰਦਰ ਅਜਿਹੇ 45-ਨਵੇਂ ਚੁਣੇ ਸੰਸਦ ਹਨ, ਜਿਨ੍ਹਾਂ ਵਿੱਚ 35-ਬੀ.ਜੇ.ਪੀ. ਦੇ ਸੰਸਦ ਹਨ। ਜਿਨ੍ਹਾਂ ਵਿਰੁੱਧ ਘਿਰਣਿਤ-ਭਾਸ਼ਣ (.ਓਥ ਛ੍ਹਥਥਙ.) ਦੇਣ ਕੇ ਕੇਸ ਦਰਜ ਹੋਏ ਹਨ ?ਪਰਨਾ ਤਾਂ ਮੋਦੀ ਸਰਕਾਰਨੇ ਅਤੇ ਨਾ ਹੀ ਬੀ.ਜੇ.ਪੀ., ਨੇ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਕੀਤੀ ਹੈ ? ਇਨ੍ਹਾਂ ਨੇ ਤਾ ਭਾਰਤ ਦੀ ਸੰਸਦ ਇੱਕ ਨੋਟਿਸ ਬੋਰਡ ਬਣਾ ਦਿੱਤੀ ਲੱਗਦੀ ਹੈ ? ਹੁਣ ਸਾਡੀ ਨਿਗ੍ਹਾ ਮਾਣਯੋਗ ਸੁਪਰੀਮ ਕੋਰਟ ਵੱਲ ਟਿਕੀ ਹੋਈ ਹੈ ! ਜਿਸ ਵਲੋਂ ਭੀੜਵਲੋਂ ਕਿਸੇ ਨੂੰਮਾਰ ਦੇਣਾ (ਝ+ਨ-ੜਂ+:ਥਟਙਥ ਟਣ :ਢਟਙ.ਟਭ) ਸੰਬੰਧੀ "ਤੈਹਸੀਨ ਐਸ ਪੂਨਾਵਾਲਾ ਬਨਾਮਯੂਨੀਅਨ ਆਫ ਇੰਡੀਆਂ ਤੇ ਹੋਰ 2018 ਦੇ ਕੇਸ ਅਧੀਨਰਾਜਾਂ ਤੇ ਕੇਂਦਰਨੂੰ ਹਦਾਇਤਾਂ ਦਿੱਤੀਆਂ ਸਨ ? ਪਰ ਕੇਂਦਰ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਸੰਸਦ ਵਿੱਚ ਹਜੂਮੀ ਹਿੰਸਾ ਰੋਕਣ ਲਈ ਬਿਆਨ ਤਾਂ ਦੇ ਦਿੱਤੇ ਪਰਪ੍ਰਨਾਲਾ ਉੱਥੇ ਦਾ ਉੱਥੇ ਹੀ ਰਿਹਾ ਹੈ ? ਘਿਰਣਤ-ਅਪਰਾਧ ਜਾਰੀ ਹਨ, ਕਿਉਂਕਿ ਇਨ੍ਹਾਂ ਨੂੰਰੋਕਣ ਵਾਲੀ ਕਾਰਜਕਾਰੀ, 'ਬਹੁਲਤਾਵਾਦ ਦੀ ਰਾਖੀ ਅਤੇ ਘੱਟ ਗਿਣਤੀਆਂ ਨੂੰ ਸੁਰੱਖਿਆ ਦੇਣ ਲਈ ਇਮਾਨਦਾਰਨਹੀਂ ਹੈ। ਭਾਰਤ ਦੇ ਪੂੰਜੀਪਤੀਆਂ ਅਤੇ ਹਾਕਮ ਜਮਾਤਾਂ ਦੀ ਸੇਵਾ ਕਰਨਵਾਲਾ ਮੀਡੀਆ ਘਿਰਣਾ ਨਾਲ ਸੰਬੰਧਤ ਖਬਰਾਂ ਅਤੇ ਵੀਡੀਓ ਤਾਂ ਦਿਖਾਉਦੇ ਹਨ। ਜਾਰੀ ਲਗਾਤਾਰ ਕੁਮੈਂਟਰੀ ਅਤੇ ਵੱਧ-ਚੜ੍ਹਾ ਕੇ ਦਿੱਤੀ ਖਬਰ, ਜਨ ਸਮੂਹ ਨੂੰ ਕੋਈ ਸੰਦੇਸ਼ ਦੇਣ ਦੀ ਥਾਂ, 'ਸਗੋਂ ਬਲਦੀ ਤੇ ਤੇਲਪਾ ਕੇ ਹਲਾਤਾਂ ਨੂੰਭੜਕਾਉਣ ਦਾ ਕੰਮ ਕਰਦੀ ਹੈ ? 17-ਵੀਆਂ ਸੰਸਦ ਚੋਣਾਂ ਦੌਰਾਨ, ਪੁਲ-ਵਾਮਾ ਘਟਨਾ ਅਤੇ ਜੰਮੂ-ਕਸ਼ਮੀਰ ਅੰਦਰ 5-ਅਗਸਤ 2019 ਤੋਂ ਬਾਦ ਉੱਥੇ ਕੀ ਕੁਝ ਵਾਪਰਿਆ, 'ਕੀ ਕੋਈ ਸ਼ਹਿਦ ਭਾਰਤੀ ਨਾਗਰਿਕ, 'ਭਾਰਤੀ ਮੀਡੀਆ ਦੇ ਰੋਲ 'ਤੇ ਯਕੀਨ ਕਰ ਸਕਦਾ ਹੈ ? ਭਾਵਭਾਰਤੀ ਜਨਸਮੂਹ, ਕਨੂੰਨ-ਪਾਲਕਾ, ਵਿਧਾਨ-ਪਾਲਕਾ, ਕਾਰਜ-ਪਾਲਕਾ ਅਤੇ ਮੀਡੀਆ ਜਿਹੇ ਲੋਕ ਜਮਹੂਰੀ ਅਦਾਰਿਆ ਦੀ ਸੰਵਿਧਾਨਕਤਾ, ਸਰਬੱਗਤਾ ਅਤੇ ਹੱਦ ਬੰਦੀ ਜੋ ਸੰਵਿਧਾਨਨੇ ਤੈਹ ਕੀਤੀ ਹੈ ਤੇ ਕਿਵੇਂ ਕਾਇਲ ਹੋ ਕੇ ਯਕੀਨ ਕਰ ਸਕਦਾ ਹੈ ?

ਭਾਰਤੀ ਆਵਾਮ ਸਾਹਮਣੇ ਇੱਕ ਗੰਭੀਰਪਾਲਸੀ ਮੁਦਾ ਸਾਹਮਣੇ ਆਇਆ ਹੈ ? ਸ਼ੋਸ਼ਲਮੀਡੀਆਂ ਰਾਹੀਂ ਦਹਿਸਤਗਰਦੀ ਵਿਰੁੱਧ ਹਿੰਸੂਕ ਢੰਗ ਰਾਹੀਂ ਖਬਰਨਸ਼ਰ ਕੀਤੀ ਜਾਂਦੀ ਹੈ ? ਇਸ ਖਬਰਨੂੰਮੀਡੀਆਂ ਵਲੋਂ ਦਹਿਸਤਗਰਦੀ ਵਜੋਂ ਘੱਟ ਅਤੇ ਵੱਧ ਤਰਜੀਹ, 'ਦੋ ਫਿਰਕਿਆਂ ਵਿਚਕਾਰਨਫਰਤ ਪੈਦਾ ਕਰਨਨੂੰ ਦਿੱਤੀ ਜਾਂਦੀ ਹੈ ! ਕੀ ਸਰਕਾਰ ਦੀਆਂ ਨੀਤੀਆਂ ਮੀਡੀਆਂ ਸੰਬੰਧੀ ਸਪਸ਼ਟ ਨਹੀਂ ਹਨ ਜਾਂ ਖੁਦ ਹਾਕਮਅਜਿਹਾ ਚਾਹੁੰਦੇ ਹਨ ? ਪਰਲੋਕਾਂ ਦੇ ਹੱਕਾਂ ਦੀ ਰਾਖੀ ਲਈ ਅੱਜੇ ਤਕ ਨਾ ਪਿਛਲੀ ਕਾਂਗਰਸ ਅਤੇ ਨਾ ਮਾਜੂਦਾ ਬੀ.ਜੇ.ਪੀ. ਦੀਆਂ ਸਰਕਾਰਾਂ ਵੱਲੋਂ ਨਫਰਤ ਅਤੇ ਘਿਰਣਤ ਅਪਰਾਧਰੋਕਣ ਲਈ ਬਹੁ-ਉਦੇਸ਼ੀ ਕਨੂੰਨਬਣਾਉਣ ਲਈ (+ਝਟਂ ਨਓਛ ਙਓ ਭੱਟਛਓ .ਓਥ ਙਵੰਝਥ) ਕੋਈ ਉਪਰਾਲਾ ਕੀਤਾ ਹੈ ? ਗ੍ਰਹਿ ਵਿਭਾਗ ਹੇਟ-ਕਰਾਈਮਰੋਕਣ ਲਈ ਪੁਲਿਸ ਅਤੇ ਪ੍ਰਸ਼ਾਸ਼ਨਨੂੰ ਕਨੂੰਨਰਾਹੀਂ ਹੱਦ-ਬੰਦੀ ਕਾਇਮ ਕਰਨਲਈ ਮੁਕੰਮਲ ਹਦਾਇਤਾਂ ਦੇ ਸਕਦਾ ਹੈ ! ਪਰ ਅੱਜੇ ਤੱਕ ਲੋਕਾਂ ਨੂੰ ਹਾਕਮਾਂ ਪਾਸੋਂ ਅਜਿਹੇ ਕਿਸੇ ਕਨੂੰਨ ਦੀ ਆਸ ਨਹੀਂ ਦਿਸ ਰਹੀ ਜੋ ਘਿਰਣਤ-ਅਪਰਾਧਾਂ ਨੂੰਰੋਕ ਸੱਕੇ ? ਇੱਕ ਪਾਸੇ ਤਾਂ ਮੋਦੀ ਸਰਕਾਰਲੋਕਾਂ ਦੇ ਜਮਹੂਰੀ ਹੱਕਾਂ ਤੇ ਛਾਪੇ ਮਾਰਰਹੀ ਹੈ, ਮਨੁੱਖੀ ਅਧਿਕਾਰਾਂ ਵਿਰੁੱਧ ਸਖਤ ਤੋਂ ਸਖਤ ਕਨੂੰਨਬਣਾ ਰਹੀ ਹੈ ? ਜਮਹੂਰੀ ਲਹਿਰਾਂ, ਟਰੇਡ ਯੂਨੀਅਨ ਹੱਕਾਂ ਅਤੇ ਪੁਰ-ਅਮਨ ਸਰਗਰਮੀਆਂ ਕਰਨਲਈ ਰੋਕਾਂ ਲਾਈਆਂ ਜਾ ਰਹੀਆਂ ਹਨ ? ਜੰਮੂ-ਕਸ਼ਮੀਰ ਅੰਦਰਵਾਦੀ ਦੇ ਲੋਕਾਂ ਨੂੰ ਘਰੀ ਡੱਕਿਆ ਹੋਇਆ ਹੈ ? ਪਰ ਉਨ੍ਹਾਂ ਫਿਰਕੂ ਅਤੇ ਵੰਡਵਾਦੀ ਲੋਕਾਂ ਨੂੰ ਜੋ ਆਮ ਜਨਤਾ ਦੇ ਵਿਰੁੱਧ ਖੁਲ੍ਹ ਖੇਡਦੇ ਹਨ, 'ਖੁਲੀ ਛੁੱਟੀ ਦਿੱਤੀ ਹੋਈ ਹੈ ? ਮੋਦੀ ਸਰਕਾਰ ਦੀਆਂ ਇਹ ਨੀਤੀਆਂ ਮਨੁੱਖਤਾ, ਵਿਰੋਧੀ, ਗੈਰ-ਸੰਵਿਧਾਨਿਕ ਹੀ ਨਹੀਂ, ਵਿਵੇਕਹੀਣ ਤੇ ਸਮਾਜਿਕ-ਨਿਆ ਵਿਰੋਧੀ ਵੀ ਹਨ ?

ਸੰਵਿਧਾਨ ਦੀ ਸੌਂਹ ਚੁੱਕ ਕੇ ਜਿਹੜੇ ਸੰਸਦ, ਵਿਧਾਨਕਾਰਨਗਰਪਾਲਕਾਂ ਅਤੇ ਪੰਚਾਇਤਾਂ ਦੇ ਮੈਂਬਰ ਆਪਣੀਆਂ ਵਿਧਾਨਕ, ਨੈਤਿਕ ਅਤੇ ਇਨਸਾਨੀ ਫਰਜਾਂ ਨੂੰਭੁੱਲ ਕੇ ਘਿਰਣਤ-ਅਪਰਾਧ ਕਰਦੇ ਹਨਭਾਸ਼ਣ ਦਿੰਦੇ ਹਨ ਅਤੇ ਨਫਰਤ ਪੈਦਾ ਕਰਨਲਈ ਹਿੰਸਾ ਨੂੰਬੜਾਵਾ ਦਿੰਦੇ ਹਨ, ਉਨ੍ਹਾਂ ਨੂੰਮੈਂਬਰਸ਼ਿਪ ਤੋਂ ਖਾਰਜ ਕਰਨਲਈ ਕਾਰਵਾਈ ਹੋਣੀ ਚਾਹੀਦੀ ਹੈ ? ਬਿਜਲੀ ਅਤੇ ਪ੍ਰਿੰਟ ਮੀਡੀਆਂ ਨੂੰ ਅਜਿਹੇ ਘਿਰਣਤ ਬਿਆਨ ਦ੍ਰਿਸ਼ ਅਤੇ ਖਬਰਾਂ, ਟਿੱਪਣੀਆਂ ਤੇ ਧਮਕੀਆਂ ਨਹੀਂ ਛਾਪਣੀਆਂ ਚਾਹੀਦੀਆਂ ਹਨ। ਧਾਰਮਿਕ ਪ੍ਰਚਾਰਕਾਂ ਨੂੰ ਸਹਿਣਸ਼ੀਲਤਾਂ ਅਤੇ ਦੂਸਰੇ ਧਰਮਾਂ ਦੇ ਸਨਮਾਨਲਈ ਅੱਗੇ ਆਉਣਾ ਚਾਹੀਦਾ ਹੈ ! ਮੋਦੀ ਨੇ ਦੋ ਵਾਰ ਘਿਰਣਤ ਅਪਰਾਧਾਂ ਵਿਰੁੱਧ ਤਾਂ ਬਿਆਨ ਦਿੱਤੇ ਹਨ । ਪਰ ਉਸ ਦੀ ਪਾਰਟੀ ਅਤੇ ਉਸਦੇ ਪ੍ਰਸ਼ਾਸ਼ਨਨੇ ਨਾ ਜੁਬਾਨ ਖੋਲ੍ਹੀ ਹੈ ਤੇ ਨਾ ਹੀ ਕੋਈ ਕਾਰਵਾਈ ਕੀਤੀ ਹੈ ? ਦਿਸਦਾ ਇਹ ਹੈ ਕਿ ਜਾਂ ਤਾ ਉਹ ਮੱਚਲਾ ਹੈ ਜਾਂ ਸਾਨੂੰ ਉਸ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ ਹੈ ! ਬਹੁਲਤਾਵਾਦੀ ਜਮਹੂਰੀ ਅਤੇ ਧਰਮਨਿਰਪੱਖ ਭਾਰਤ ਅੰਦਰਵੱਧ ਰਿਹਾ ਨਫਰਤੀ ਪਾੜਾ ਅਤੇ ਘਿਰਣਤ ਹਿੰਸਾ ਆਉਣ ਵਾਲੇ ਸਮੇਂ ਲਈ ਇੱਕ ਖਤਰੇ ਦੀ ਘੰਟੀ ਹੈ।

5-ਅਗਸਤ 2019 ਨੂੰਮੋਦੀ ਸਰਕਾਰਵਲੋਂ, 'ਜੰਮੂ-ਕਸ਼ਮੀਰਰਾਜ ਅੰਦਰਧਾਰਾ 370 ਦਾ ਭੋਗ ਪਾਉਣ ਅਤੇ ਰਾਜ ਅੰਦਰਪੁਨਰਗਠਨ ਬਿਲ 2019 ਰਾਹੀਂ ਜੋ ਭਾਰਤ ਦੇ ਸੰਵਿਧਾਨ ਦਾ ਕਤਲ ਕੀਤਾ ਹੈ। ਇਹ ਵੰਡਵਾਦੀ ਅਤੇ ਫਿਰਕੂ ਫਰੇਮਵਾਲੀ ਪਿਛਾਖੜੀ ਪਾਰਟੀ ਬੀ.ਜੇ.ਪੀ.. ਜਿਸ ਦਾ ਪਿਛਾਖੜੀ ਵਿਸ਼ਾ-ਵਸਤੂ ਦੂਸਰੇ ਧਰਮਾਂ ਵਿਰੁੱਧਨਫਰਤ, ਅਸਹਿਣਸ਼ੀਲਤਾ ਅਤੇ ਅਤਿ ਰਾਸ਼ਟਰਵਾਦੀ ਸ਼ਾਵਨਵਾਦ ਨੂੰ ਸਥਾਪਤ ਕਰਨ ਦੀ ਸ਼ੁਰੂਆਤ ਹੈ ? ਇਹ ਸਧਾਰਨਪੂੰਜੀਵਾਦੀ ਪਾਰਟੀ ਨਹੀਂ, ਸਗੋਂ ਫਾਸ਼ੀਵਾਦੀ ਆਰ.ਐਸ.ਐਸ. ਜੋ ਇਸ ਨੂੰ ਸੇਧ ਦਿੰਦੀ ਹੈ ਤੇ ਉਸਦਾ ਇਸ ਪਾਰਟੀ ਤੇ ਪੂਰਾ ਗਲਬਾ ਹੈ ! ਸਾਮਰਾਜ ਨਾਲਪੂਰੀ ਤਰ੍ਹਾਂ ਯੁੱਧਨੀਤਕ ਗੱਠਜੋੜਨਵਉਦਾਰੀ ਨੀਤੀਆਂ, ਹਿੰਦੂਤਵਾਦੀ ਫਿਰਕਾ ਪ੍ਰਸਤੀ ਅਤੇ ਏਕਾ ਅਧਿਕਾਰਵਾਦੀ ਪਾਰਟੀ ਹੈ ਜੋ ਖੁਲ੍ਹੇ ਤੌਰ 'ਤੇ ਸੰਵਿਧਾਨਨੂੰਬਦਲਣ ਲਈ ਤਤਪਰ ਹੈ ? ਤਾਂ ਕਿ ਇਸਦਾ ਹਿੰਦੂ ਰਾਜ ਸੁਪਨਾ ਸਾਕਾਰ ਹੋ ਸਕੇ।

ਬੀ.ਜੇ.ਪੀ. ਵਲੋਂ ਬਹੁਭੰਤੀ ਬਹੁਲਤਾਵਾਦੀ ਭਾਰਤ ਅੰਦਰ, 'ਹਿਟਲਰਵਾਂਗ ਫਾਸੀਵਾਦੀ ਚਾਲਾਂ ਰਾਹੀਂ, 'ਨਫਰਤੀ ਅਪਰਾਧਾਂ ਜੁਰਮਾਂ ਘੱਟ ਗਿਣਤੀ ਲੋਕਾਂ ਤੇ ਹਮਲੇ ਸੇਧ ਕੇ, 'ਸੰਵਿਧਾਨ ਦਾ ਕਤਲ ਕਰਨਾ ਹੈ ! ਦੇਸ਼ ਦੀ ਧਰਮ ਨਿਰਪੱਖਤਾ ਨੂੰ ਖਤਮ ਕਰਕੇ ਹਿੰਦੂਤਵੀ ਅਜੰਡਾ ਲਾਗੂ ਕਰਨਲਈ, 'ਇਹ ਇਸ ਦੀ ਕਵਾਇਦ ਦੀ ਸ਼ੁਰੂਆਤ ਹੈ ? ਵੱਧਰਹੇ ਬੀ.ਜੇ.ਪੀ.ਦੇ ਏਕਾਧਿਕਾਰਵਾਦ ਅਤੇ ਫਾਸ਼ੀਵਾਦੀ ਹਮਲਿਆਂ ਦੇ ਟਾਕਰੇ ਲਈ, ਸਾਨੂੰ ਵਿਸ਼ਾਲਲੋਕ ਲਹਿਰਾਂ ਲਾਮਬੰਦ ਕਰਦੇ ਹੋਏ, 'ਹਰ ਖੇਤਰ 'ਚ ਜਮਾਤੀ ਤੇ ਜਨਤਕ ਸੰਘਰਸ਼ਾਂ ਰਾਹੀਂ 'ਸਾਰੀਆਂ ਧਰਮ ਨਿਰਪੱਖ, ਜਮਹੂਰੀ ਲੋਕਾਂ ਅਤੇ ਖੱਬੀਆਂ ਸ਼ਕਤੀਆਂ ਨੂੰ ਇੱਕ ਮੁਠ ਕਰਦੇ ਹੋਏ ਅੱਗੇ ਵੱਧੀਏ। ਜੇਕਰ ਅੱਜ ਨਹੀਂ ਤਾਂ ਫਿਰ ਕਦੀ ਵੀ ਮੌਕਾ ਹੱਥ ਨਹੀਂ ਆਵੇਗਾ। ਦੇਸ਼ਭਗਤ ਸ਼ਕਤੀਆਂ ਨੂੰ ਤੁਰੰਤ ਅੱਗੇ ਆਉਣਾ ਚਾਹੀਦਾ ਹੈ।

91-9217997445
ਜਗਦੀਸ਼ ਸਿੰਘ ਚੋਹਕਾ
001-403-285-4208


# ਆਗਮਨ ਪੁਰਬ-ਬਾਬਾ ਸ਼ੇਖ ਫਰੀਦ ਜੀ



ਬਾਬਾ ਸ਼ੇਖ ਫਰੀਦ ਜੀ (1173-1266) ਪੰਜਾਬ ਦੇ ਪ੍ਰਸਿੱਧ ਕਵੀ ਤੇ ਸੂਫੀ ਸੰਤ ਸਨ। ਇਹ ਉਨੰਾਂ ਪੰਦਰਾਂ ਭਗਤਾਂ ਵਿਚੋ ਸਨ ਜਿਨਹਾਂ ਦੇ ਚੁਣੇ ਲੇਖ ਗੁਰੂ ਗਰੰਥ ਸਾਹਿਬ ਵਿੱਚ ਸ਼ਾਮਲ ਸਨ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਆਰਾ ਸਿੱਖ ਸੰਗਤ, 32 ਰੀਗਨ ਰੋਡ, ਬਰੈਂਪਟਨ ਵਿੱਖੇ ਬਾਬਾ ਸ਼ੇਖ ਫਰੀਦ ਸਿੰਘ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 20 ਸਤੰਬਰ ਦਿਨ ਸ਼ੁੱਕਰਵਾਰ ਨੂੰ ਅਰੰਭ ਕੀਤੇ ਜਾਣਗੇ ਤੇ ਭੋਗ 22 ਸਤੰਬਰ ਦਿਨ ਐਂਤਵਾਰ ਨੂੰ ਪਾਏ ਜਾਣਗੇ।

ਉਪਰੰਤ ਕਥਾ, ਕੀਰਤਨ ਤੇ ਢਾਡੀ ਪਰਸੰਗ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ, ਗੁਰੂ ਦਾ ਲੰਗਰ ਅਤੁੱਟ ਵਰਤੇਗਾ।

ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਸੰਪਰਕ ਕਰੋ: 416-669-3055 ਜਾਂ 416-662-8122

# ਖ਼ਬਰਾਂ ਪੰਜਾਬ ਦੀਆਂ

## ਜੇਲ੍ਹ ਵਿਭਾਗ ਦੇ ਦੋ ਸਟਾਫਰ ਸਸਪੈਂਡ, ਤੀਜਾ ਕੱਢਣ ਲਈ ਪੈਸਕੋ ਨੂੰ ਲਿਖਿਆ




ਚੰਡੀਗੜ੍ਹ, 17 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੱਲ੍ਹ ਸਵੇਰੇ ਰੋਪੜ ਤੇ ਹੁਸ਼ਿਆਰਪੁਰ ਜੇਲ੍ਹਾਂ ਦੀ ਆਚਨਕ ਚੈਕਿੰਗ ਦੌਰਾਨ ਤਿੰਨ ਮੁਲਾਜ਼ਮਾਂ ਨੂੰ ਨਿਯਮਾਂ ਦੇ ਉਲਟ ਮੋਬਾਈਲ ਦੀ ਵਰਤੋਂ ਕਰਦੇ ਹੋਏ ਫੜ ਲਿਆ। ਜੇਲ੍ਹ ਮੰਤਰੀ ਦੇ ਨਿਰਦੇਸ਼ਾਂ ਉੱਤੇ ਵਿਭਾਗ ਨੇ ਮੋਬਾਈਲ ਦੀ ਵਰਤੋਂ ਕਰਦੇ ਮੁਲਾਜ਼ਮ ਸਸਪੈਂਡ ਕੀਤੇ ਤੇ ਤੀਜੇ ਦੇ ਖਿਲਾਫ ਕਾਰਵਾਈ ਕਰਨ ਲਈ ਉਸ ਦੀ ਕੰਪਨੀ ਪੈਸਕੋ ਨੂੰ ਕਿਹਾ ਹੈ।

ਇਸ ਛਾਪੇ ਦੌਰਾਨ ਹੈਡ ਕਾਂਸਟੇਬਲ ਪਰਗਟ ਸਿੰਘ ਅਤੇ ਵਾਰਡਨ ਸਤਵਿੰਦਰ ਪਾਲ ਸਿੰਘ ਮੋਬਾਈਲ ਦੀ ਵਰਤੋਂ ਕਰਦੇ ਫੜ੍ਹੇ ਗਏ ਸਨ। ਜੇਲ੍ਹ ਮੰਤਰੀ ਦੇ ਹੁਕਮ ਉੱਤੇ ਦੋਵਾਂ ਨੂੰ ਵਿਭਾਗ ਨੇ ਕਾਰਨ ਦੱਸੋ ਨੋਟਿਸ ਦੇ ਨਾਲ ਸਸਪੈਂਡ ਕਰਨ ਦਾ ਫੈਸਲਾ ਕੀਤਾ ਹੈ। ਇਸ ਪਿੱਛੋਂ ਜੇਲ੍ਹ ਮੰਤਰੀ ਨੇ ਹੁਸ਼ਿਆਰਪੁਰ ਜੇਲ੍ਹ ਦਾ ਦੌਰਾ ਕੀਤਾ, ਜਿਥੇ ਪੈਸਕੋ ਵਾਰਡਨ ਬੁੱਧ ਸਿੰਘ ਨੂੰ ਮੋਬਾਈਲ ਦੀ ਵਰਤੋਂ ਕਰਦਿਆ ਫੜ ਲਿਆ। ਜੇਲ੍ਹ ਵਿਭਾਗ ਨੇ ਇਸ ਕਰਮਚਾਰੀ ਨੂੰ ਹਟਾਉਣ ਲਈ ਪੈਸਕੋ ਨੂੰ ਕਿਹਾ ਹੈ। ਮੰਤਰੀ ਨੇ ਕਿਹਾ ਕਿ ਜੇਲ੍ਹਾਂ ਦੀ ਸੁੱਰਖਿਆ ਵਿਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਗੈਰ-ਅਨੁਸ਼ਾਸਨੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਸਖਤੀ ਕੀਤੀ ਜਾਵੇਗੀ।

### ਕੈਪਟਨ ਬਨਾਮ ਨਿਊਜ਼ ਚੈਨਲ ਕੇਸ

## ਕੈਪਟਨ ਅਮਰਿੰਦਰ ਦੇ ਪੱਖ ਵਿੱਚ ਟਰਾਇਲ ਕੋਰਟ ਦਾ ਇਕਤਰਫਾ ਸਟੇਅ ਰੱਦ

ਅੰਮ੍ਰਿਤਸਰ, 17 ਸਤੰਬਰ (ਪੋਸਟ ਬਿਊਰੋ)- ਲਗਭਗ 15 ਮਹੀਨੇ ਪਹਿਲਾਂ ਰਾਸ਼ਟਰੀ ਨਿਊਜ਼ ਚੈਨਲ ਏ ਬੀ ਪੀ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਸਿੰਘ ਦੇ ਸਵਿਸ ਬੈਂਕ ਖਾਤੇ ਵਿੱਚ ਜਮ੍ਹਾ ਕਾਲੇ ਧਨ ਨਾਲ ਸੰਬੰਧਤ ਇਕ ਖਬਰ ਪੇਸ਼ ਕੀਤੀ ਸੀ। ਇਸ ਦੇ ਖਿਲਾਫ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਲਕਾਤਾ ਵਿਚਲੇ ਏ ਬੀ ਪੀ ਪ੍ਰਾਈਵੇਟ ਲਿਮਟਿਡ ਦੇ ਮੁੱਖ ਦਫਤਰ, ਇਸ ਚੈਨਲ ਦੇ ਰਿਪੋਰਟਰ ਜਗਵਿੰਦਰ ਪਟਿਆਲ, ਕੰਪਨੀ ਦੇ ਵਾਈਸ ਚੇਅਰਮੈਨ ਅਵਿਤ ਸਰਕਾਰ, ਮੈਨੇਜਿੰਗ ਡਾਇਰੈਕਟਰ ਦੀਪਾਂਕਰ ਦਾਸ ਪੁਰਕਾਸਥਾ ਦੇ ਖਿਲਾਫ ਸਥਾਨਕ ਸਿਵਲ ਜੱਜ ਦੀ ਅਦਾਲਤ ਵਿਚ ਸਿਵਲ ਪਟੀਸ਼ਨ ਦਾਇਰ ਕੀਤੀ ਸੀ। ਇਸ ਦੀ ਸੁਣਵਾਈ ਦੇ ਬਾਅਦ



ਅਦਾਲਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਿੱਚ ਇਕਤਰਫਾ ਸਟੇਅ ਜਾਰੀ ਕਰ ਕੇ ਅਤੇ ਸੰਬੰਧਤ ਨਿਊਜ਼ ਵੱਲੋਂ ਉਸ ਦੀ ਕਲਿਪਿੰਗ ਨੂੰ ਦੁਬਾਰਾ ਟੈਲੀਕਾਸਟ ਅਤੇ ਛਾਪਣ ਉੱਤੇ ਰੋਕ ਲਾਉਂਦੇ ਹੋਏ ਏ ਬੀ ਪੀ ਨਿਊਜ਼ ਚੈਨਲ ਤੇ ਉਸ ਨਾਲ ਜੁੜੇ ਲੋਕਾਂ ਨੂੰ ਨੋਟਿਸ ਜਾਰੀ ਕਰ ਕੇ ਆਪਣਾ ਪੱਖ ਰੱਖਣ ਨੂੰ ਕਿਹਾ ਸੀ।

ਇਸ ਮਾਮਲੇ ਦੀ ਸੁਣਵਾਈ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਉਸ ਸਮੇਂ ਕੁਝ ਹੱਦ ਤੱਕ ਕਾਨੂੰਨੀ ਝਟਕਾ ਲੱਗਾ, ਜਦੋਂ ਸਥਾਨਕ ਸਿਵਲ ਜੱਜ (ਸੀਨੀਅਰ ਡਵੀਜ਼ਨ) ਰਵਿੰਦਰਜੀਤ ਸਿੰਘ ਬਾਜਵਾ ਦੀ ਅਦਾਲਤ ਨੇ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਿੱਚ 16 ਮਹੀਨੇ ਪਹਿਲਾਂ ਜਾਰੀ ਹੋਇਆ ਇਕਤਰਫਾ ਸਟੇਅ ਰੱਦ ਕਰ ਦਿੱਤਾ। ਇਸ ਮਾਮਲੇ ਵਿੱਚ ਅਦਾਲਤ ਪੰਜ ਅਕਤੂਬਰ ਨੂੰ ਅਗਲੀ ਸੁਣਵਾਈ ਕਰੇਗੀ। ਟਰਾਇਲ ਕੋਰਟ ਨੇ ਸਟੇਅ ਤਾਂ ਭਾਵੇਂ ਰੱਦ ਕਰ ਦਿੱਤਾ ਹੈ, ਪਰ ਇਸ ਕੇਸ ਵਿੱਚ ਸੁਣਵਾਈ ਜਾਰੀ ਰੱਖਣ ਦਾ ਹੁਕਮ ਦਿੱਤਾ ਹੈ। ਕੇਸ ਦੀ ਸੁਣਵਾਈ ਦੌਰਾਨ ਏ ਬੀ ਪੀ ਨਿਊਜ਼ ਚੈਨਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਵਿਵਾਦਿਤ ਇੰਟਰਵਿਊ ਵਾਲੀ ਨਿਊਜ਼ ਆਪਣੇ ਟੀ ਵੀ ਚੈਨਲ 'ਤੇ ਦੋਬਾਰਾ ਟੈਲੀਕਾਸਟ ਕਰ ਸਕੇਗਾ ਜਾਂ ਨਹੀਂ, ਇਸ ਬਾਰੇ ਸਥਿਤੀ ਅਜੇ ਸਪੱਸ਼ਟ ਨਹੀਂ ਹੈ।

## ਬੇਅਦਬੀ ਕਾਂਡ ਦੇ ਮੁੱਖ ਗਵਾਹ ਨੂੰ ਜਾਨੋਂ ਮਾਰਨ ਦੀ ਧਮਕੀ

### * ਦੋ ਲੱਖ ਦੇ ਕੇ ਗਵਾਹੀ ਤੋਂ ਮੁਕਰਨ ਦਾ ਦਬਾਅ ਬਣਾਇਆ

ਮੋਗਾ, 17 ਸਤੰਬਰ (ਪੋਸਟ ਬਿਊਰੋ)- ਮੱਲੇਕੇ ਵਿੱਚ ਬੇਅਦਬੀ ਕਾਂਡ ਦੇ ਮਾਮਲੇ ਵਿੱਚ ਬੀਤੇ ਦਿਨ ਮੁੱਖ ਗਵਾਹ ਨੇ ਐੱਸ ਐੱਸ ਪੀ ਨੂੰ ਸ਼ਿਕਾਇਤ ਦੇ ਕੇ ਦੋ ਦੋਸ਼ੀਆਂ ਵੱਲੋਂ ਧਮਕਾਏ ਜਾਣ ਅਤੇ ਦੋ ਲੱਖ ਰੁਪਏ ਦਾ ਚੈੱਕ ਦੇ ਕੇ ਗਵਾਹੀ ਤੋਂ ਮੁਕਰਨ ਦਾ ਦਬਾਅ ਬਣਾਉਣ ਬਾਰੇ ਜਾਣਕਾਰੀ ਦਿੱਤੀ ਹੈ। ਐੱਸ ਐੱਸ ਪੀ ਨੇ ਕੇਸ ਦੀ ਜਾਂਚ ਐੱਸ ਪੀ-ਐੱਚ ਨੂੰ ਸੌਂਪੀ ਹੈ। ਦੂਸਰੇ ਪਾਸੇ ਗਵਾਹ ਨੇ ਜਾਨ ਦਾ ਖਤਰਾ ਦੱਸਦੇ ਹੋਏ ਐੱਸ ਪੀ ਡੀ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਨੇ ਥਾਣਾ ਸਮਾਲਸਰ ਦੇ ਐੱਸ ਐੱਚ ਓ ਨੂੰ ਉਸ ਨੂੰ ਦੋ ਗਨਮੈਨ ਅਤੇ ਥਾਣੇ ਵਿੱਚ ਜਮ੍ਹਾ ਅਸਲਾ ਵਾਪਸ ਲੈਣ ਦੇ ਹੁਕਮ ਦਿੱਤੇ ਹਨ। ਮਿਲੀ ਜਾਣਕਾਰੀ ਅਨੁਸਾਰ ਪਿੰਡ ਮੱਲੇਕੇ ਦੇ ਸੇਵਕ ਸਿੰਘ ਨੇ ਮੋਗਾ ਦੇ ਐੱਸ ਐੱਸ ਪੀ ਅਮਰਜੀਤ ਸਿੰਘ ਬਾਜਵਾ ਨੂੰ ਉਨ੍ਹਾਂ ਦੇ ਦਫਤਰ ਵਿੱਚ ਸਤਿਕਾਰ ਕਮੇਟੀ ਦੇ ਮੈਂਬਰਾਂ ਨਾਲ ਮਿਲ ਕੇ ਲਿਖਤੀ ਸ਼ਿਕਾਇਤ ਦਿੱਤੀ ਤੇ ਦੋਸ਼ ਲਾਇਆ ਕਿ ਚਾਰ ਨਵੰਬਰ 2015 ਨੂੰ ਪਿੰਡ ਮੱਲੇਕੇ ਵਿੱਚ ਹੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਵਿੱਚ ਦੋਸ਼ੀ ਅਮਰਦੀਪ ਸਿੰਘ ਦੇ ਪਿਤਾ ਸੁਖਮੰਦਰ ਸਿੰਘ ਤੇ ਦੋਸ਼ੀ ਮਿੱਠੂ ਸਿੰਘ ਦੇ ਭਰਾ ਗੁਰਮੇਲ ਸਿੰਘ ਧਮਕਾ ਰਹੇ ਹਨ ਕਿ ਉਹ ਅਦਾਲਤ ਵਿੱਚ ਗਵਾਹੀ ਤੋਂ ਮੁਕਰ ਜਾਏ। ਜੇ ਉਹ ਅਜਿਹਾ ਨਹੀਂ ਕਰੇਗਾ ਤਾਂ ਉਸ ਨੂੰ ਮਾਰ ਦਿੱਤਾ ਜਾਏਗਾ, ਪ੍ਰੰਤੂ ਉਹ ਧਮਕੀਆਂ ਤੋਂ ਨਹੀਂ ਡਰਿਆ ਤਾਂ ਐਤਵਾਰ ਨੂੰ ਦੋਸ਼ੀਆਂ ਦਾ ਪਿਤਾ ਅਤੇ ਭਰਾ ਡੇਰਾ ਪ੍ਰੇਮੀ ਉਸ ਦੇ ਘਰ ਆਏ ਅਤੇ ਦੋ ਲੱਖ ਰੁਪਏ ਦਾ ਚੈੱਕ ਦਿੱਤਾ। ਇਸ ਦੇ ਇਲਾਵਾ ਦੋ ਲੱਖ ਰੁਪਏ ਹੋਰ ਦੇਣ ਦੀ ਗੱਲ ਕਹਿ ਕੇ ਕੱਲ੍ਹ ਅਦਾਲਤ ਵਿੱਚ ਹੋਣ ਵਾਲੀ ਉਸ ਦੀ ਗਵਾਹੀ ਤੋਂ ਮੁੱਕਰ ਜਾਣ ਲਈ ਕਿਹਾ। ਇਸ ਬਾਰੇ ਵਿੱਚ ਸੇਵਕ ਸਿੰਘ ਨੇ ਸਤਿਕਾਰ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਤਾਂ ਕੱਲ੍ਹ ਸਖਤ ਸੁਰੱਖਿਆ ਵਿੱਚ ਸੇਵਕ ਸਿੰਘ ਨੂੰ ਅਦਾਲਤ ਵਿੱਚ ਗਵਾਹੀ ਲਈ ਲਿਆਂਦਾ ਗਿਆ, ਪਰ ਜੱਜ ਛੁੱਟੀ ਹੋਣ 'ਤੇ ਹੋਣ ਦੇ ਕਾਰਨ ਅਗਲੀ ਤਰੀਕ 23 ਸਤੰਬਰ ਰੱਖੀ ਗਈ ਹੈ। ਐੱਸ ਐੱਸ ਪੀ ਨੇ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆ ਗਿਆ ਹੈ। ਜਾਂਚ ਐੱਸ ਪੀ-ਐੱਚ ਰਤਨ ਸਿੰਘ ਬਰਾੜ ਨੂੰ ਸੌਂਪ ਦਿੱਤੀ ਹੈ। ਜਾਂਚ ਦੇ ਬਾਅਦ ਜੋ ਸਬੂਤ ਸਾਹਮਣੇ ਆਉਣਗੇ ਉਸੇ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਏਗੀ।

## ਨਾਜਾਇਜ਼ ਮਾਈਨਿੰਗ ਦਾ ਧੰਦਾ ਬੇਨਕਾਬ, ਛੇ ਜਣੇ ਫੜੇ ਗਏ

ਤਰਨ ਤਾਰਨ, 17 ਸਤੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਨੇ ਨਾਜਾਇਜ਼ ਮਾਈਨਿੰਗ ਦੇ ਧੰਦੇ ਹੇਠ ਰੇਤ ਦੀਆਂ ਜਾਅਲੀ ਰਸੀਦਾਂ ਬਣਾ ਕੇ ਠੱਗੀ ਕਰਨ ਵਾਲੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਦੋ ਵੱਖ-ਵੱਖ ਮਾਮਲਿਆਂ 'ਚ ਕਾਬੂ ਕੀਤੇ ਗਏ 9 ਜਣਿਆਂ ਤੋਂ ਪੁਲਸ ਨੇ ਅੱਠ ਟਰੈਕਟਰ ਟਰਾਲੀਆਂ ਅਤੇ ਜੇ ਸੀ ਬੀ ਮਸ਼ੀਨ ਜ਼ਬਤ ਕੀਤੀ ਹੈ।

ਤਰਨ ਤਾਰਨ ਦੇ ਐਸ ਪੀ (ਪੜਤਾਲ) ਜਗਜੀਤ ਸਿੰਘ ਵਾਲੀਆ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਥਾਣਾ ਹਰੀਕੇ ਦੇ ਮੁਖੀ ਸਬ ਇੰਸਪੈਕਟਰ ਹਰਮਨਜੀਤ ਸਿੰਘ ਤੇ ਥਾਣਾ ਸਦਰ ਪੱਟੀ ਦੇ ਮੁਖੀ ਇੰਸਪੈਕਟਰ ਬਲਜੀਤ ਸਿੰਘ ਦੀ



ਅਗਵਾਈ ਹੇਠ ਵੱਖ-ਵੱਖ ਪੁਲਸ ਟੀਮਾਂ ਨੇ ਇਹ ਕਾਰਵਾਈ ਕੀਤੀ ਹੈ। ਸਬ ਇੰਸਪੈਕਟਰ ਪ੍ਰਕਾਸ਼ ਸਿੰਘ ਨੇ ਪੁਲਸ ਪਾਰਟੀ ਸਮੇਤ ਨੈਸ਼ਨਲ ਹਾਈਵੇ-54 'ਤੇ ਨਾਕੇਬੰਦੀ ਦੌਰਾਨ ਮੱਖੂ ਵੱਲੋਂ ਤਰਨ ਤਾਰਨ ਵਿਖੇ ਲਿਜਾਈਆਂ ਜਾਂਦੀਆਂ ਰੇਤ ਦੀਆਂ ਛੇ ਟਰੈਕਟਰ ਟਰਾਲੀਆਂ ਨੂੰ ਘੇਰ ਕੇ ਬਿਕਰਮਜੀਤ ਸਿੰਘ, ਅਜੈ ਕੁਮਾਰ, ਅਕਾਸ਼ਦੀਪ, ਅਜੈ ਸਿੰਘ, ਗੁਰਵਿੰ-ਦਰ ਸਿੰਘ ਅਤੇ ਮੰਗਲ ਸਿੰਘ ਸਾਰੇ ਵਾਸੀ ਕਿੱਲੀ ਬੋਦਲਾ ਜ਼ਿਲਾ ਫਿਰੋਜ਼ਪੁਰ ਨੂੰ ਗ੍ਰਿਫਤਾਰ ਕੀਤਾ ਹੈ। ਹਰਜੀਤ ਸਿੰਘ ਵਾਸੀ ਕਿੱਲੀ ਬੋਦਲਾ ਫਰਾਰ ਹੋ ਗਿਆ। ਐਸ ਪੀ ਜਗਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਰੇਤ ਦੀਆਂ ਜਾਅਲੀ ਰਸੀਦਾਂ ਬਣਾ ਰੱਖੀਆਂ ਸਨ। ਇਨ੍ਹਾਂ ਗੈਰ ਕਾਨੂੰਨੀ ਮਾਈਨਿੰਗ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਨੇ ਇੱਕ ਹੋਰ ਥਾਂ ਭੁਪਿੰਦਰ ਸਿੰਘ ਵਾਸੀ ਭਾਉਵਾਲ, ਹਰਪਾਲ ਸਿੰਘ ਵਾਸੀ ਦੁਬਲੀ ਅਤੇ ਜਰਮਨਜੀਤ ਸਿੰਘ ਵਾਸੀ ਦੁਬਲੀ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਕੋਲੋਂ ਦੋ ਟਰੈਕਟਰ ਟਰਾਲੀਆਂ ਅਤੇ ਇਕ ਜੇ ਸੀ ਬੀ ਬਰਾਮਦ ਕੀਤੀ ਹੈ।

## ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੁਲਸ ਸੁਧਾਰਾਂ ਵਾਸਤੇ ਹਾਈ ਪਾਵਰ ਕਮੇਟੀ ਲਈ ਕਿਹਾ




ਚੰਡੀਗੜ੍ਹ, 17 ਸਤੰਬਰ (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਇੱਕ ਅਪਰਾਧਕ ਕੇਸ ਦੀ ਸੁਣਵਾਈ ਵੇਲੇ ਪੁਲਸ ਦੀ ਬਦਹਾਲ ਸਥਿਤੀ ਦਾ ਨੋਟਿਸ ਲੈਂਦੇ ਹੋਏ ਪੰਜਾਬ ਪੁਲਸ ਸੁਧਾਰ ਲਈ ਹਾਈ ਪਾਵਰ ਕਮੇਟੀ ਬਣਾਉਣ ਦੇ ਹੁਕਮ ਦਿੱਤੇ ਹਨ। ਕੋਰਟ ਨੇ ਇਸ ਕਮੇਟੀ ਵਿੱਚ ਗ੍ਰਹਿ ਵਿਭਾਗ ਦੇ ਚੀਫ ਸੈਕਟਰੀ ਅਤੇ ਡੀ ਜੀ ਪੀ ਨੂੰ ਸ਼ਾਮਲ ਕਰਨ ਨੂੰ ਕਿਹਾ ਹੈ ਅਤੇ ਕਮੇਟੀ ਨੂੰ ਤਿੰਨ ਮਹੀਨੇ ਦੇ ਅੰਦਰ ਆਪਣੀ ਰਿਪੋਰਟ ਸੌਂਪਣੀ ਹੋਵੇਗੀ। ਭਵਾਨੀ ਕਾਟਨ ਮਿੱਲ ਅਬੋਹਰ ਵਿੱਚ ਸਨ 1991 ਵਿੱਚ ਹੋਈ ਫਾਇਰਿੰਗ ਦੀ ਘਟਨਾ ਵਾਲੇ ਕੇਸ ਵਿੱਚ ਅਪੀਲ 'ਤੇ ਸੁਣਵਾਈ ਦੌਰਾਨ ਹਾਈ ਕੋਰਟ ਨੇ ਵੇਖਿਆ ਕਿ ਓਥੇ ਪੁਲਸ ਵਾਲੇ ਸਵੇਰੇ ਪਹੁੰਚ ਗਏ ਸਨ ਤੇ ਫਾਇਰਿੰਗ ਸ਼ਾਮ ਪੌਣੇ ਚਾਰ ਵਜੇ ਦੇ ਨੇੜੇ ਹੋਈ ਸੀ। ਕੋਰਟ ਨੇ ਕਿਹਾ ਕਿ ਪੁਲਸ ਵਾਲਿਆਂ ਨੂੰ ਨਿਯਮ ਅਨੁਸਾਰ 24 ਘੰਟੇ ਡਿਊਟੀ ਉਤੇ ਰਹਿਣਾ ਹੁੰਦਾ ਹੈ ਅਤੇ ਅਜਿਹੇ ਵਿੱਚ ਉਸ ਦਾ ਜੀਵਨ ਤਣਾਅ ਅਤੇ ਸਿਹਤ ਸਮੱਸਿਆਵਾਂ ਨਾਲ ਭਰ ਜਾਂਦਾ ਹੈ। ਵੱਖ-ਵੱਖ ਕਮਿਸ਼ਨ ਕਈ ਸਿਫਾਰਸ਼ਾਂ ਕਰ ਚੁੱਕੇ ਹਨ, ਪਰ ਅਜੇ ਤੱਕ ਇਸ ਨੂੰ ਲਾਗੂ ਕਰਨ ਲਈ ਸਰਕਾਰਾਂ ਨੇ ਕੋਈ ਕਦਮ ਨਹੀਂ ਚੁੱਕੇ। ਇਸ ਬਾਰੇ ਹਾਈ ਕੋਰਟ ਨੇ ਕਿਹਾ ਕਿ ਪੁਲਸ ਵਿੱਚ ਸਭ ਤੋਂ ਹੇਠਲਾ ਅਹੁਦਾ ਕਾਂਸਟੇਬਲ ਦਾ ਹੈ ਅਤੇ ਉਹ ਪੂਰੀ ਸਰਵਿਸ ਦੌਰਾਨ ਮਸਾਂ ਹੈਡ ਕਾਂਸਟੇਬਲ ਬਣ ਕੇ ਰਿਟਾਇਰ ਹੁੰਦਾ ਹੈ। ਉਸ ਨੂੰ ਪੂਰੀ ਨੌਕਰੀ ਅਫਸਰਾਂ ਦੇ ਹੁਕਮਾਂ ਦਾ ਪਾਲਕ ਬਣ ਕੇ ਕਰਨੀ ਪੈਂਦੀ ਹੈ। ਪੁਲਸ ਵਿੱਚ ਸਮੇਂ 'ਤੇ ਪ੍ਰਮੋਸ਼ਨ, ਇੰਕਰੀਮੈਂਟ ਅਤੇ ਹੋਰ ਕਈ ਉਤਸ਼ਾਹ ਉਨ੍ਹਾਂ ਦੀ ਕਾਰਜ ਸਮਰੱਥਾ ਨੂੰ ਵਧਾਉਣਗੇ। ਅਜਿਹੇ ਵਿੱਚ ਸੁਧਾਰ ਬਹੁਤ ਜ਼ਰੂਰੀ ਹੈ। ਪੁਲਸ ਦੇ ਕੰਮ ਦਾ ਸਮਾਂ ਤੈਅ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਵੀ ਆਮ ਜੀਵਨ ਬਿਤਾ ਸਕਣ। ਸੁਣਵਾਈ ਦੌਰਾਨ ਹਾਈ ਕੋਰਟ ਨੇ ਪੁਲਸ ਰਿਫਾਰਮ ਬਾਰੇ ਕੁਝ ਸੁਝਾਅ ਦਿੱਤੇ, ਇਸ ਵਿੱਚ ਪੁਲਸ ਨੂੰ ਦੋ ਹਿੱਸਿਆਂ; ਕੇਸਾਂ ਦੀ ਜਾਂਚ ਕਰੇ ਅਤੇ ਕਾਨੂੰਨ ਵਿਵਸਥਾ ਨੂੰ ਸੰਭਾਲਣ ਬਾਰੇ ਵੰਡਿਆ ਜਾਣਾ ਸ਼ਾਮਲ ਹੈ।

## ਕੈਨੇਡੀਅਨ ਕੁੜੀ ਜੱਸੀ ਦੇ ਕਤਲ ਕੇਸ ਵਿੱਚ ਮਾਂ ਤੇ ਮਾਮੇ ਖਿਲਾਫ ਦੋਸ਼ ਲਾਗੂ



ਸੰਗਰੂਰ, 17 ਸਤੰਬਰ (ਪੋਸਟ ਬਿਊਰੋ)- ਕਰੀਬ 19 ਸਾਲ ਪਹਿਲਾਂ ਪੰਜਾਬੀ ਮੂਲ ਦੀ ਕੈਨੇਡੀਅਨ ਲੜਕੀ ਜਸਵਿੰਦਰ ਕੌਰ ਉਰਫ ਜੱਸੀ ਸਿੱਧੂ ਵੱਲੋਂ ਪੰਜਾਬ ਵਿੱਚ ਆ ਕੇ ਕਰਵਾਏ ਪ੍ਰੇਮ ਵਿਆਹ ਕਰਾਉਣ ਮਗਰੋਂ ਉਸ ਦੇ ਕਤਲ ਬਾਰੇ ਜ਼ਿਲਾ ਸੰਗਰੂਰ ਦੇ ਥਾਣਾ ਅਮਰਗੜ੍ਹ ਵਿਖੇ ਉਸ ਦੇ ਪਤੀ ਸੁਖਵਿੰਦਰ ਸਿੰਘ ਮਿੱਠੂ ਵਾਸੀ ਕਾਉਕੇ ਖੋਸਾ ਦੇ ਬਿਆਨਾਂ ਉੱਤੇ ਦਰਜ ਕੇਸ ਵਿੱਚ ਕਾਰਵਾਈ ਅੱਗੇ ਵਧੀ ਹੈ। ਇਸ ਕਤਲ ਅਤੇ ਇਰਾਦਾ ਕਤਲ ਕੇਸ ਵਿੱਚ ਪੁਲਿਸ ਵਲੋਂ ਮਲੇਰਕੋਟਲਾ ਅਦਾਲਤ 'ਚ ਸਪਲੀਮੈਂਟਰੀ ਚਲਾਣ ਪੇਸ਼ ਕੀਤੇ ਜਾਣ ਪਿੱਛੋਂ ਕੱਲ੍ਹ ਸੰਗਰੂਰ ਦੇ ਵਧੀਕ ਸੈਸ਼ਨ ਜੱਜ ਸਮ੍ਰਿਤੀ ਧੀਰ ਦੀ ਅਦਾਲਤ ਨੇ ਜੱਸੀ ਦੀ ਮਾਂ ਮਲਕੀਤ ਕੌਰ ਵਾਸੀ ਲੰਡੇਕੇ (ਮੋਗਾ) ਹਾਲ ਆਬਾਦ ਮੈਪਲ ਰਿਡਜ਼ ਬੀ ਸੀ ਕੈਨੇਡਾ ਤੇ ਮਾਮੇ ਸੁਰਜੀਤ ਸਿੰਘ ਬਦੇਸ਼ਾ ਵਾਸੀ ਕਾਉਂਕੇ (ਲੁਧਿਆਣਾ) ਹਾਲ ਆਬਾਦ ਮੇਪਲ ਰਿਡਜ਼ ਬੀ ਸੀ ਕੈਨੇਡਾ ਖਿਲਾਫ ਦੋਸ਼ ਆਇਦ ਕੀਤੇ ਹਨ ਅਤੇ ਅਗਲੀ ਸੁਣਵਾਈ 'ਤੇ ਗਵਾਹੀਆਂ ਲਈ ਸੰਮਨ ਜਾਰੀ ਕਰ ਦਿੱਤੇ ਹਨ। ਸੰਗਰੂਰ ਅਦਾਲਤ 'ਚ ਚੱਲੇ ਇਸ ਪ੍ਰਸਿੱਧ ਕੇਸ ਦੇ ਮੁਦਈ ਸੁਖਵਿੰਦਰ ਸਿੰਘ ਮਿੱਠੂ (ਮ੍ਰਿਤਕ ਜੱਸੀ ਦੇ ਪਤੀ) ਵਲੋਂ ਪੈਰਵੀ ਕਰ ਚੁੱਕੇ ਪ੍ਰਸਿੱਧ ਵਕੀਲ ਅਸ਼ਵਨੀ ਚੌਧਰੀ ਨੇ ਦੱਸਿਆਂ ਕਿ ਮਾਂ ਅਤੇ ਮਾਮਾ ਜੁਡੀਸ਼ਲ ਹਿਰਾਸਤ ਵਿੱਚ ਕਪੂਰਥਲਾ ਜੇਲ੍ਹ ਵਿਚ ਹਨ। ਦੋਵਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ, ਜਿੱਥੇ ਦੋਵਾਂ ਖਿਲਾਫ ਦੋਸ਼ ਆਇਦ ਕੀਤੇ ਗਏ ਹਨ।

## ਸਨੈਪਡੀਲ ਸ਼ਾਪਿੰਗ ਵਿੱਚ ਟਾਟਾ ਸਫਾਰੀ ਨਿਕਲੀ ਦੱਸ ਕੇ ਲੜਕੀ ਤੋਂ 3.38 ਲੱਖ ਠੱਗੇ

ਮੁਕਤਸਰ, 17 ਸਤੰਬਰ (ਪੋਸਟ ਬਿਊਰੋ)- ਇੱਕ ਆਨਲਾਈਨ ਕੰਪਨੀ ਦੇ ਨਾਂਅ ਉਤੇ ਲੱਕੀ ਡਰਾਅ ਨਿਕਲਣ ਦੀ ਗੱਲ ਕਹਿ ਕੇ ਇੱਕ ਲੜਕੀ ਤੋਂ 3,38,150 ਰੁਪਏ ਦੀ ਠੱਗੀ ਕਰਨ ਵਾਲੇ ਚਾਰ ਜਣਿਆਂ ਦੇ .

ਖਿਲਾਫ ਪੁਲਸ ਨੇ ਕੇਸ ਦਰਜ ਕੀਤਾ ਹੈ। ਇਸ ਕੇਸ ਦੀ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਭਾਰਤੀ ਪੁੱਤਰੀ ਹਰਜਿੰਦਰ ਸਿੰਘ ਕੁਮਾਰ ਵਾਸੀ ਮੁਕਤਸਰ ਨੇ ਦੱਸਿਆ ਸੀ ਕਿ ਉਸ ਦੇ ਦਾਦਾ ਨੇ ਮੌਤ ਤੋਂ ਪਹਿਲਾਂ ਉਸ ਦੇ ਖਾਤੇ ਵਿੱਚ ਸਾਢੇ ਤਿੰਨ ਲੱਖ ਰੁਪਏ ਜਮ੍ਹਾ ਕਰਾਏ ਸਨ। ਉਸ ਨੇ ਦੱਸਿਆ ਕਿ ਉਸ ਨੂੰ ਬੀਤੀ ਸੱਤ ਮਾਰਚ ਨੂੰ ਮੈਸੇਜ ਮਿਲਿਆ ਕਿ ਆਨਲਾਈਨ ਸ਼ਾਪਿੰਗ ਦੇ ਲੱਕੀ ਡਰਾਅ ਦੇ ਪਹਿਲੇ



ਵਿਜੇਤਾ ਐਲਾਨ ਹੋਣ ਦੇ ਕਾਰਨ ਟਾਟਾ ਸਫਾਈ ਕਾਰ ਨਿਕਲੀ ਹੈ, ਜਿਸ ਦੇ ਲਈ ਪਹਿਲਾਂ ਉਸ ਨੂੰ ਰਜਿਸਟੇਰਸ਼ਨ ਫੀਸ 8550 ਰੁਪਏ ਦੇਣੀ ਹੋਵੇਗੀ। ਬਾਅਦ ਵਿੱਚ ਕਾਲ ਮਿਲੀ ਤਾਂ 8550 ਰੁਪਏ ਰਜਿਸਟਰੇਸ਼ਨ ਫੀਸ ਉਨ੍ਹਾਂ ਦੇ ਭੇਜੇ ਖਾਤੇ ਵਿੱਚ ਭੇਜ ਦਿੱਤੇ ਹਨ ਤੇ ਉਸ ਦੇ ਬਾਅਦ ਵੱਖ-ਵੱਖ ਤਰੀਕਾਂ 'ਤੇ ਵੱਖ-ਵੱਖ ਖਾਤਿਆਂ ਵਿੱਚ ਕ੍ਰਮਵਾਰ 8550, 12800, 38400, 64000, 40800, 1,53,600, 2000 ਜਮ੍ਹਾ ਕਰਵਾ ਦਿੱਤੇ, ਪਰ ਪੈਸਾ ਜਮ੍ਹਾ ਕਰਾਉਣ ਪਿੱਛੋਂ ਖਾਤੇ ਵਿੱਚ ਪੈਸਾ ਨਹੀਂ ਆਇਆ। ਫਿਰ 18 ਮਾਰਚ 2019 ਨੂੰ ਫੋਨ ਆਇਆ ਕਿ ਮੈਂ ਤੁਹਾਡੀ ਪੂਰੀ ਰਕਮ ਵਾਪਸ ਕਰਵਾ ਦਿਆਂਗਾ, ਜਿਸ ਦੇ ਲਈ ਰਿਕਵਰੀ ਫਾਰਮ ਦੇ 10 ਹਜ਼ਾਰ ਜਮ੍ਹਾ ਕਰਵਾਉਣੇ ਹੋਣਗੇ। ਐਸ ਐਚ ਓ ਅਸ਼ੋਕ ਕੁਮਾਰ ਨੇ ਦੱਸਿਆ ਕਿ ਸ਼ਿਕਾਇਤ ਕਰਤਾ ਦੇ ਬਿਆਨਾਂ ਦੇ ਆਧਾਰ ਉੱਤੇ ਕਾਰਵਾਈ ਕਰਦੇ ਹੋਏ ਮੁਹੰਮਦ ਅਜਮਲ ਹੁਸੈਨ ਵਾਸੀ ਵੈਸਟ ਬੰਗਾਲ, ਨਾਜ਼ੀਆ ਪ੍ਰਵੀਨ ਵਾਸੀ ਬਿਹਾਰ, ਨਿਖਿਲ ਕੁਮਾਰ ਵਾਸੀ ਬਿਹਾਰ, ਕ੍ਰਿਸ਼ਨ ਲਾਲ ਹੰਸਦਾ ਵਾਸੀ ਮੁਕਤਸਰ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤ ਕਰਤਾ ਭਾਰਤੀ ਨੇ ਦੱਸਿਆ ਕਿ ਠੱਗੀ ਦੀ ਸ਼ਿਕਾਰ ਹੋਣ 'ਤੇ ਜਦ ਉਨ੍ਹਾਂ ਨੇ ਸਨੈਪਡੀਲ ਕੰਪਨੀ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਦਾ ਸੰਪਰਕ ਨਹੀਂ ਹੋਇਆ। ਫਿਰ ਉਨ੍ਹਾਂ ਨੇ ਈਮੇਲ ਦੇ ਜ਼ਰੀਏ ਕੰਪਨੀ ਦੇ ਕਰਮਚਾਰੀਆਂ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਅਜਿਹੀ ਕੋਈ ਸਕੀਮ ਹੀ ਨਹੀਂ ਹੈ।

## ਪਤਨੀ ਦਾ ਕਾਤਲ ਪਤੀ ਹੀ ਨਿਕਲਿਆ

ਜਗਰਾਓਂ, 17 ਸਤੰਬਰ (ਪੋਸਟ ਬਿਊਰੋ)- 10 ਦਿਨ ਪਹਿਲਾਂ ਜਗਰਾਓਂ ਦੇ ਪਿੰਡ ਕੋਠੇ ਬੱਗੂ ਦੇ ਇਕ ਘਰ 'ਚ ਅੱਧੀ ਰਾਤ ਆਣ ਵੜੇ ਦੋ ਹਥਿਆਰਬੰਦ ਬੰਦਿਆਂ ਨੇ ਸੁੱਤੇ ਪਏ ਪਤੀ-ਪਤਨੀ ਅਤੇ ਦੋ ਬੱਚਿਆਂ ਉੱਤੇ ਹਮਲਾ ਕਰ ਦਿੱਤਾ ਸੀ, ਜਿਸ ਵਿੱਚ ਔਰਤ ਦੀ ਮੌਤ ਹੋ ਗਈ ਸੀ। ਪੁਲਸ ਜਾਂਚ 'ਚ ਇਹ ਖੁਲਾਸਾ ਹੋਇਆ ਕਿ ਅਸਲੀ ਮੁਲਜ਼ਮ ਮਹਿਲਾ ਦਾ ਪਤੀ ਹੀ ਸੀ ਅਤੇ ਹਮਲਾ ਕਰਨ ਵਾਲੇ ਹਥਿਆਰਬੰਦ ਉਸ ਦੇ ਦੋਸਤ ਸਨ।

ਵਰਨਣ ਯੋਗ ਹੈ ਕਿ ਬੀਤੀ ਛੇ ਸਤੰਬਰ ਦੀ ਰਾਤ ਕੋਠੇ ਬੱਗੂ ਵਾਸੀ ਗੁਰਪ੍ਰੀਤ ਸਿੰਘ ਦੇ ਘਰ ਹਥਿਆਰਬੰਦਾਂ ਦੇ ਹਮਲੇ 'ਚ ਗੁਰਪ੍ਰੀਤ ਸਿੰਘ ਦੀ ਪਤਨੀ ਰਾਜਵੀਰ ਕੌਰ ਦੀ ਮੌਤ ਹੋ ਗਈ ਸੀ, ਜਦ ਕਿ ਗੁਰਪ੍ਰੀਤ ਅਤੇ ਉਸ ਦੇ ਦੋਵੇਂ




ਬੱਚੇ ਜ਼ਖਮੀ ਹੋ ਗਏ ਸਨ। ਇਸ ਕੇਸ ਦੀ ਜਾਂਚ ਕਰ ਰਹੀ ਥਾਣਾ ਸਿਟੀ ਪੁਲਸ ਨੇ ਫਿਲਮੀ ਅੰਦਾਜ਼ 'ਚ ਪਤਨੀ ਨੂੰ ਮਾਰਨ ਲਈ ਗੁਰਪ੍ਰੀਤ ਸਿੰਘ ਵੱਲੋਂ ਰਚੀ ਸਾਜ਼ਿਸ਼ ਤੋਂ 10 ਦਿਨਾਂ 'ਚ ਪਰਦਾ ਚੁੱਕ ਦਿੱਤਾ ਹੈ। ਗੁਰਪ੍ਰੀਤ ਸਿੰਘ ਦੇ ਕਿਸੇ ਹੋਰ ਔਰਤ ਨਾਲ ਨਾਜਾਇਜ਼ ਸਬੰਧ ਸਨ ਅਤੇ ਉਸ ਦੀ ਪਤਨੀ ਰਾਜਵੀਰ ਕੌਰ ਨੂੰ ਇਸ ਦਾ ਪਤਾ ਲੱਗ ਗਿਆ ਸੀ। ਇਸ ਕਾਰਨ ਗੁਰਪ੍ਰੀਤ ਸਿੰਘ ਉਸ ਨਾਲ ਅਕਸਰ ਲੜਦਾ ਰਹਿੰਦਾ ਅਤੇ ਤਲਾਕ ਲਈ ਦਬਾਅ ਬਣਾਉਂਦਾ ਸੀ। ਗੁਰਪ੍ਰੀਤ ਸਿੰਘ ਨੇ ਆਪਣੀ ਪਤਨੀ ਨੂੰ ਰਸਤੇ 'ਚੋਂ ਹਟਾਉਣ ਲਈ ਫਿਲਮੀ ਢੰਗ ਦੀ ਸਾਜਿਸ਼ ਰਚੀ ਅਤੇ ਆਪਣੇ ਦੋ ਹੋਰ ਦੋਸਤਾਂ ਨੂੰ ਸ਼ਾਮਲ ਕਰਕੇ ਉਨ੍ਹਾਂ ਨੂੰ ਘਰ ਆ ਕੇ ਹਮਲਾ ਕਰਨ ਲਈ ਮਨਾਇਆ। ਗੁਰਪ੍ਰੀਤ ਸਿੰਘ ਦੇ ਦੋਸਤ ਹਥਿਆਰਾਂ ਨਾਲ ਲੈਸ ਹੋ ਕੇ ਆਏ ਅਤੇ ਉਨ੍ਹਾਂ ਨੇ ਬੇਰਹਿਮੀ ਨਾਲ ਉਸ ਦੀ ਪਤਨੀ ਦਾ ਕਤਲ ਕਰ ਦਿੱਤਾ। ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਗੁਰਪ੍ਰੀਤ ਸਿੰਘ ਨੇ ਹਥਿਆਰਬੰਦਾਂ ਤੋਂ ਆਪਣੇ 'ਤੇ ਵੀ ਵਾਰ ਕਰਵਾਏ ਅਤੇ ਆਪਣੇ ਦੋਵਾਂ ਪੁੱਤਰਾਂ ਜਸ਼ਨਪ੍ਰੀਤ ਅਤੇ ਲਖਵੀਰ ਸਿੰਘ 'ਤੇ ਵਾਰ ਕਰਵਾ ਲਏ। ਉਸ ਦਾ ਮਕਸਦ ਸੀ ਕਿ ਕਿਸੇ ਨੂੰ ਉਸ ਵੱਲੋਂ ਰਚੀ ਇਸ ਸਾਜ਼ਿਸ਼ ਦਾ ਪਤਾ ਨਾ ਲੱਗੇ।

## ਪੰਜਾਬ ਰੋਡਵੇਜ਼ ਦਾ ਸਬ ਇੰਸਪੈਕਟਰ 10000 ਰਿਸ਼ਵਤ ਫੜਦਾ ਕਾਬੂ

ਫਿਰੋਜ਼ਪੁਰ, 17 ਸਤੰਬਰ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਫਿਰੋਜ਼ਪੁਰ ਵੱਲੋਂ ਪੰਜਾਬ ਰੋਡਵੇਜ਼ ਦੇ ਸਬ ਇੰਸਪੈਕਟਰ ਨੂੰ 10000 ਰੁਪਏ ਰਿਸ਼ਵਤ ਲੈਂਦੇ ਗ੍ਰਿਫਤਾਰ ਕੀਤਾ ਹੈ।

ਵਿਜੀਲੈਂਸ ਟੀਮ ਦੇ ਇੰਸਪੈਕਟਰ ਸਤਪ੍ਰੇਮ ਸਿੰਘ ਅਤੇ ਇੰਸਪੈਕਟਰ ਅਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਰੋਡਵੇਜ਼ ਦੇ ਕੰਡਕਟਰ ਗੁਰ-ਚਰਨ ਸਿੰਘ ਨੇ ਉਨ੍ਹਾਂ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਇਨ੍ਹੀਂ ਦਿਨੀਂ ਉਸ ਦੀ ਡਿਊਟੀ ਰੋਡਵੇਜ਼ ਵਿਭਾਗ ਨੇ ਤੇਲ ਦੇ ਡਿਪੂ ਉੱਤੇ ਹੈ। ਨੌਂ ਸਤੰਬਰ 2019 ਨੂੰ ਰੋਡਵੇਜ਼ ਦੇ ਸਬ ਇੰਸਪੈਕਟਰ ਨੇ ਤੇਲ ਦੇ ਡਿਪੂ ਦੀ ਜਾਂਚ ਕਰ ਕੇ ਰਿਪੋਰਟ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਦਿੱਤੀ ਸੀ, ਜਿਸ ਵਿੱਚ ਗੜਬੜ ਦਾ ਕੇਸ ਸਾਹਮਣੇ ਆਇਆ ਹੈ। ਗੁਰਚਰਨ ਸਿੰਘ ਨੇ ਦੱਸਿਆ ਕਿ ਉਸ ਨੂੰ ਸਬ ਇੰਸਪੈਕਟਰ ਨੇ ਕਿਹਾ ਕਿ ਉਹ ਉਸ ਦੀ ਰੋਡਵੇਜ਼ ਦੇ ਉਚ ਅਧਿਕਾਰੀ ਨਾਲ ਸੈਟਿੰਗ ਕਰਵਾ ਦੇਣਗੇ ਤਾਂ ਕਿ ਅੱਗੇ ਦੀ ਕਾਰਵਾਈ ਨਾ ਹੋ ਸਕੇ, ਪਰ ਇਸ ਦੇ ਬਦਲੇ 10000 ਰੁਪਏ ਲੱਗਣਗੇ। ਗੁਰਚਰਨ ਸਿੰਘ ਨੇ ਦੱਸਿਆ ਕਿ 10000 ਰੁਪਏ ਦੇਣ ਦਾ ਦਿਨ 16 ਸਤੰਬਰ ਨਿਸ਼ਚਿਤ ਕੀਤਾ ਗਿਆ ਸੀ। ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਗੁਰਚਰਨ ਸਿੰਘ ਦੇ ਹੱਥ ਰੰਗੇ ਹੋਏ ਨੋਟ ਭੇਜ ਕੇ ਬਸ ਅੱਡੇ ਦੇ ਸਬ ਇੰਸਪੈਕਟਰ ਦੇ ਕੋਲ ਰਿਸ਼ਵਤ ਦੇਣ ਲਈ ਕਿਹਾ ਸੀ। ਅਧਿਕਾਰੀਆਂ ਮੁਤਾਬਕ ਕੱਲ੍ਹ ਜਦ ਗੁਰਚਰਨ ਸਿੰਘ ਬਸ ਅੱਡਾ ਫਿਰੋਜ਼ਪੁਰ ਵਿੱਚ ਤੈਨਾਤ ਆਪਣੇ ਦਫਤਰ ਵਿੱਚ ਬੈਠੇ ਸਬ ਇੰਸਪੈਕਟਰ ਗੁਰਮੇਜ ਸਿੰਘ ਨੂੰ ਪੈਸੇ ਦੇ ਕੇ ਆਇਆ ਤਾਂ ਸਰਕਾਰੀ ਗਵਾਹਾਂ ਦੇ ਸਾਹਮਣੇ ਉਨ੍ਹਾਂ ਨੇ ਗੁਰਮੇਜ ਸਿੰਘ ਤੋਂ ਰਿਸ਼ਵਤ ਦੇ 10000 ਰੁਪਏ ਬਰਾਮਦ ਕਰ ਕੇ ਉਸ ਦੇ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਵੱਡੇ ਡਿਫਾਲਟਰ ਮਿੱਲਰਾਂ ਦੇ ਦਬਾਅ ਹੇਠ ਪੰਜਾਬ ਸਰਕਾਰ ਇਕੱਠੀ ਸੈਟਲਮੈਂਟ ਲਈ ਤਿਆਰ

ਜਲੰਧਰ, 17 ਸਤੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਆਪਣੇ ਚਹੇਤੇ ਡਿਫਾਲਟਰ ਰਾਈਸ ਮਿੱਲਰਾਂ ਨੂੰ ਰਾਹਤ ਦੇਣ ਲਈ ਇੱਕੋ ਵਾਰ ਨਿਪਟਾਰਾ (ਵਨ ਟਾਈਮ ਸੈਟਲਮੈਂਟ) ਯੋਜਨਾ 'ਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ।

ਇਸ ਸੰਬੰਧ ਵਿੱਚ ਪੰਜਾਬ ਦੇ ਖਜ਼ਾਨਾ ਵਿਭਾਗ ਦੇ ਇਤਰਾਜ਼ ਕਾਰਨ ਇਹ ਫਾਈਲ 11 ਮਹੀਨਿਆਂ ਤੋਂ ਅਟਕੀ ਹੋਈ ਸੀ। ਜਾਣਕਾਰ ਸੂਤਰਾਂ ਮੁਤਾ-ਬਕ ਇਹ ਲਗਭਗ ਤੈਅ ਹੈ ਕਿ ਡਿਫਾਲਟਰ ਰਾਈਸ ਮਿੱਲ ਮਾਲਕਾਂ ਨੂੰ ਇਸ ਯੋਜਨਾ ਵਿੱਚ ਲਗਭਗ 2500 ਕਰੋੜ ਰੁਪਏ ਮੁਆਫ ਕਰਨ ਦੀ ਤਿਆਰੀ ਹੈ। ਮਿੱਲ ਡਿਫਾਲਟਰਾਂ ਵਿੱਚ ਦਰਜਨਾਂ ਕਾਂਗਰਸ ਦੇ ਚਹੇਤੇ ਵੀ ਹਨ ਅਤੇ ਇੱਕ ਸਭ ਤੋਂ ਵੱਡਾ ਮਿੱਲ ਡਿਫਾਲਟਰ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਹੈ, ਜਿਸ ਲਈ ਕਾਂਗਰਸ ਦੇ ਮੰਤਰੀਆਂ ਅਤੇ ਕਾਂਗਰਸ ਦੇ ਨੇਤਾਵਾਂ ਨੂੰ ਕਈ ਸਿਫਾਰਸ਼ਾਂ ਕੀਤੀਆਂ ਹੋਈਆਂ ਹਨ। ਪਤਾ ਲੱਗਾ ਹੈ ਕਿ ਰਾਜ ਦੀਆਂ 1961 ਰਾਈਸ ਮਿੱਲਾਂ ਵੱਲ ਸਰਕਾਰ ਦਾ 7670 ਕਰੋੜ ਰੁਪਏ ਬਕਾਇਆ ਖੜਾ ਹੈ। ਸਰਕਾਰ ਨੇ ਸੱਤ ਸਤੰਬਰ 2017 ਨੂੰ ਵਨ ਟਾਈਮ ਸੈਟਲਮੈਂਟ ਯੋਜਨਾ ਸ਼ੁਰੂ ਕੀਤੀ ਸੀ ਤਾਂ ਸਿਰਫ 123 ਰਾਈਸ ਮਿੱਲਾਂ ਨੇ ਸੱਤਰ ਕਰੋੜ ਰੁਪਏ ਦੀ ਦੇਣਦਾਰੀ ਨੂੰ 32.40 ਕਰੋੜ ਰੁਪਏ ਵਿੱਚ ਨਿਪਟਾਇਆ ਸੀ, ਪਰ ਵੱਡੇ ਡਿਫਾਲਟਰ ਇਸ ਤੋਂ ਦੂਰ ਹੀ ਰਹੇ, ਕਿਉਂਕਿ ਵੱਡੀ ਰਕਮ ਦੀ ਦੇਣਦਾਰੀ ਤੋਂ ਜਿੰਦਾਂ ਦੀ ਮੁਕਤੀ ਉਹ ਚਾਹੁੰਦੇ ਸਨ, ਉਹ ਯੋਜਨਾ



ਉਨ੍ਹਾਂ ਮੁਤਾਬਕ ਨਹੀਂ ਸੀ। ਇਨ੍ਹਾਂ ਮਿੱਲ ਮਾਲਕਾਂ ਵਿੱਚ ਕੁਝ ਅਜਿਹੇ ਪ੍ਰਭਾਵਸ਼ਾਲੀ ਲੋਕ ਸਨ, ਜਿਨ੍ਹਾਂ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਕਾਂਗਰਸ ਨੂੰ ਚੋਣ ਫੰਡਿੰਗ ਕੀਤੀ ਸੀ। ਜਾਣਕਾਰ ਸੂਤਰ ਦੱਸਦੇ ਹਨ ਕਿ ਉਨ੍ਹਾਂ ਦੇ ਦਬਾਅ ਹੇਠ ਸਰਕਾਰ ਨੂੰ ਵਨ ਟਾਈਮ ਸੈਟਲਮੈਂਟ ਵਿੱਚ ਸੋਧ ਕਰਨੀ ਪਈ ਹੈ। ਅਸਲ ਵਿੱਚ ਡਿਫਾਲਟਰਾਂ ਦੀ ਰਕਮ ਵਿਆਜ਼ ਸਮੇਤ 7670 ਕਰੋੜ ਸੀ, ਪਰ ਮੂਲ ਰਕਮ 2042 ਕਰੋੜ ਰੁਪਏ ਸੀ। ਨਵੀਂ ਯੋਜਨਾ ਮੁਤਾਬਕ ਵਿਆਜ ਦੀ ਰਕਮ ਮੂਲ ਰਕਮ ਤੋਂ ਘੱਟ ਹੋਵੇਗੀ ਤੇ ਫਾਲਤੂ ਵਿਆਜ ਖਤਮ ਕੀਤਾ ਜਾਏਗਾ। ਇਸ ਬਾਰੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਇੱਕ ਕਮੇਟੀ ਬਣਾਈ ਗਈ ਸੀ, ਜਿਸ ਵਿੱਚ ਫੂਡ ਸਪਲਾਈ ਮੰਤਰੀ, ਵਿੱਤ ਮੰਤਰੀ ਤੇ ਇੱਕ ਹੋਰ ਮੰਤਰੀ ਸ਼ਾਮਲ ਸਨ। ਲਗਭਗ 11 ਮਹੀਨਿਆਂ ਦੀਆਂ ਕੋਸ਼ਿਸ਼ਾਂ ਪਿੱਛੋਂ ਪੰਜਾਬ ਸਰਕਾਰ ਨਵੀਂ ਵਨ ਟਾਈਮ ਸੈਟਲਮੈਂਟ ਸੋਧ ਯੋਜਨਾ ਨੂੰ ਮੰਤਰੀ ਮੰਡਲ ਕੋਲ ਪੇਸ਼ ਕਰ ਸਕੀ ਹੈ। ਸਰਕਾਰ ਦੀ ਇਸ ਸੋਧ ਯੋਜਨਾ ਵਿੱਚ ਉਹ 123 ਮਿੱਲਰ ਫਾਇਦਾ ਮੰਗਣ ਦੀ ਗੱਲ ਨਹੀਂ ਕਰ ਸਕਣਗੇ, ਜੋ ਇਸ ਯੋਜਨਾ ਨੂੰ ਹੱਲ ਕਰਵਾ ਚੁੱਕੇ ਹਨ।

## ਅਕਾਲੀ ਦਲ ਛੱਡ ਚੁੱਕੇ ਬ੍ਰਹਮਪੁਰਾ ਦਾ ਹਾਲ ਪੁੱਛਣ ਸੁਖਬੀਰ ਸਿੰਘ ਬਾਦਲ ਪੀ ਜੀ ਆਈ ਪਹੁੰਚੇ

ਚੰਡੀਗੜ੍ਹ, 17 ਸਤੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਕਾਰਨ ਵਿਧਾਨ ਸਭਾ ਚੋਣਾਂ ਵਿੱਚ ਮਿਲੀ ਹਾਰ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਜ਼ਿੰਮੇਵਾਰ ਮੰਨਣ ਵਾਲੇ ਅਕਾਲੀ ਦਲ ਦੇ ਸਾਬਕਾ ਪਾਰਲੀਮੈਂਟ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਅਚਾਨਕ ਬਿਮਾਰ ਹੋਣ ਕਾਰਨ ਅਕਾਲੀ ਰਾਜਨੀਤੀ ਵਿੱਚ ਬਦਲਾਅ ਆਉਂਦਾ ਦਿੱਸਦਾ ਹੈ। ਕੱਲ੍ਹ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੋਰ ਨੇਤਾਵਾਂ ਦੇ ਨਾਲ ਪੀ ਜੀ ਆਈ ਚੰਡੀਗੜ੍ਹ ਗਏ, ਜਿੱਥੇ ਰਣਜੀਤ ਸਿੰਘ ਬ੍ਰਹਮਪੁਰਾ ਦਾ ਇਲਾਜ ਚੱਲ ਰਿਹਾ ਹੈ।

ਵਿਧਾਨ ਸਭਾ ਚੋਣਾਂ ਦੇ ਬਾਅਦ ਪਾਰਟੀ ਤੋਂ ਵੱਖ ਹੋਣ ਪਿੱਛੋਂ ਇਹ ਪਹਿਲਾ ਮੌਕਾ ਹੈ, ਜਦ ਸੁਖਬੀਰ ਸਿੰਘ ਬਾਦਲ ਤੇ ਰਣਜੀਤ ਸਿੰਘ ਬ੍ਰਹਮਪੁਰਾ ਦੀ ਮੁਲਾਕਾਤ ਹੋਈ ਹੈ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲਗਾਤਾਰ ਦਸ ਸਾਲ ਤੱਕ ਰਾਜ ਕਰ ਚੁੱਕੀ ਅਕਾਲੀ ਪਾਰਟੀ ਮਸਾਂ 15 ਸੀਟਾਂ ਉੱਤੇ ਸਿਮਟ ਗਈ ਸੀ। ਸੀਨੀਅਰ ਨੇਤਾਵਾਂ ਵਿਚ ਰਣਜੀਤ ਸਿੰਘ ਬ੍ਰਹਮਪੁਰਾ ਦੇ ਇਲਾਵਾ ਸੇਵਾ ਸਿੰਘ ਸੇਖਵਾਂ ਨੇ ਵੀ ਪਾਰਟੀ ਛੱਡ ਦਿੱਤੀ ਸੀ ਅਤੇ ਸੁਖਦੇਵ ਸਿੰਘ ਢੀਂਡਸਾ ਵਰਗੇ ਨੇਤਾਵਾਂ ਨੇ ਵੀ ਨਾਰਾਜ਼ਗੀ ਜ਼ਾਹਰ ਕੀਤੀ ਸੀ। ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ ਨੂੰ ਮਨਾਉਣ ਲਈ ਉਨ੍ਹਾਂ ਦੇ ਘਰ ਪਹੁੰਚੇ ਸਨ, ਪਰ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਨਾਲ ਚੱਲਣ ਤੋਂ ਮਨ੍ਹਾ ਕਰ ਦਿੱਤਾ ਸੀ।



## ਸਮਾਜੀ ਸੰਸਥਾਵਾਂ ਨੂੰ ਲਿਖ ਕੇ ਦੇਣਾ ਪਵੇਗਾ ਕਿ ਧਰਮ ਤਬਦੀਲੀ 'ਚ ਤਾਂ ਸ਼ਾਮਲ ਨਹੀਂ?

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਵਿਦੇਸ਼ੀ ਫੰਡ ਹਾਸਲ ਕਰਨ ਵਾਲੀਆਂ ਗੈਰ ਸਰਕਾਰੀ ਸੰਸਥਾਵਾਂ (ਐਨ ਜੀ ਓਜ਼) ਦੇ ਸਾਰੇ ਮੈਂਬਰਾਂ ਤੇ ਅਹੁਦੇਦਾਰਾਂ ਨੂੰ ਸਰਕਾਰ ਅੱਗੇ ਐਲਾਨ ਕਰਨਾ ਪਵੇਗਾ ਕਿ ਉਹ ਕਦੇ ਕਿਸੇ ਵਿਅਕਤੀ ਦੇ ਧਰਮ ਦੀ ਤਬਦੀਲੀ ਵਿੱਚ ਸ਼ਾਮਲ ਨਹੀਂ ਰਹੇ। ਗ੍ਰਹਿ ਮੰਤਰਾਲੇ ਨੇ ਕੱਲ੍ਹ ਉਕਤ ਜਾਣਕਾਰੀ ਦਿੱਤੀ ਹੈ।

ਇਸ ਬਾਰੇ ਇੱਕ ਨੋਟੀਫਿਕੇਸ਼ਨ 'ਚ ਮੰਤਰਾਲੇ ਨੇ ਵਿਦੇਸ਼ੀ ਚੰਦਾ ਕਾਨੂੰਨ 'ਚ ਤਬਦੀਲੀ ਦਾ ਐਲਾਨ ਕੀਤਾ ਹੈ। ਇਸ ਹੇਠ ਅੱਗੇ ਤੋਂ ਇਕ ਲੱਖ ਰੁਪਏ ਤੱਕ ਦੇ ਨਿੱਜੀ ਤੋਹਫੇ ਪ੍ਰਾਪਤ ਕਰਨ ਵਾਲਿਆਂ ਲਈ ਸਰਕਾਰ ਨੂੰ ਇਸ ਦੀ ਸੂਚਨਾ ਦੇਣਾ ਜ਼ਰੂਰੀ ਨਹੀਂ ਹੋਵੇਗਾ। ਪਹਿਲਾਂ ਇਹ ਰਾਸ਼ੀ 25 ਹਜ਼ਾਰ ਰੁਪਏ ਮਿਥੀ ਗਈ ਸੀ। ਐਨ ਜੀ ਓ ਦੇ ਹਰੇਕ ਅਹਿਮ ਮੈਂਬਰ ਤੇ ਅਹੁਦੇਦਾਰ ਨੂੰ ਇਹ ਸਰਟੀਫਿਕੇਟ ਦੇਣਾ ਪਵੇਗਾ ਕਿ ਉਸ ਨੂੰ ਕਿਸੇ ਦੀ ਧਰਮ ਤਬਦੀਲੀ ਲਈ ਨਾ ਸਜ਼ਾ ਸੁਣਾਈ ਗਈ ਹੈ ਅਤੇ ਨਾ ਦੋਸ਼ੀ ਠਹਿਰਾਇਆ ਗਿਆ ਹੈ। ਇਸ ਤੋਂ ਪਹਿਲਾਂ ਐਫ ਸੀ ਆਰ ਏ 2010 ਅਨੁਸਾਰ ਸਿਰਫ ਐਨ ਜੀ ਓ ਦੇ ਡਾਇਰੈਕਟਰ ਅਹੁਦੇ ਲਈ ਅਰਜ਼ੀ ਦੇਣ ਵਾਲਿਆਂ ਲਈ ਇਸ ਤਰ੍ਹਾਂ ਦਾ ਸਰਟੀਫਿਕੇਟ ਦੇਣਾ ਲਾਜ਼ਮੀ ਸੀ। ਮੰਤਰਾਲੇ ਨੇ ਇਹ ਕਦਮ ਧਰਮ ਤਬਦੀਲੀ ਵਰਗੇ ਕਾਰਜਾਂ ਰਾਹੀਂ ਫਿਰਕੂ ਤਣਾਅ ਵਧਾਉਣ 'ਤੇ ਰੋਕ ਲਾਉਣ ਲਈ ਉਠਾਇਆ ਹੈ। ਇਸ ਦੇ ਨਾਲ ਐਨ ਜੀ ਓ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਇਹ ਸਹੁੰ ਪੱਤਰ ਵੀ ਦੇਣਾ ਪਵੇਗਾ ਕਿ ਉਹ ਵਿਦੇਸ਼ੀ ਚੰਦੇ ਦੀ ਦੁਰਵਰਤੋਂ ਜਾਂ ਰਾਸ਼ਟਰ ਧ੍ਰੋਹ ਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੀਆਂ ਸਰਗਰਮੀਆਂ 'ਚ ਸ਼ਾਮਲ ਨਹੀਂ ਰਹੇ ਹਨ।

# ਕਮਲ ਨਾਥ ਖਿਲਾਫ ਸਿੱਖ ਕਤਲੇਆਮ ਕੇਸ ਵਧੇਰੇ ਮਜ਼ਬੂਤ: ਫੂਲਕਾ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਸਾਲ 1984 ਸਿੱਖ ਵਿਰੋਧੀ ਦੰਗਾ ਪੀੜਤਾਂ ਦੇ ਇਨਸਾਫ ਦੀ ਲੜਾਈ ਲੜ ਰਹੇ ਕਾਨੂੰਨੀ ਮਾਹਰਾਂ ਨੇ ਕੱਲ੍ਹ ਕਿਹਾ ਕਿ ਸੀਨੀਅਰ ਕਾਂਗਰਸੀ ਆਗੂ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦੇ ਖਿਲਾਫ ਕੇਸ ਬਹੁਤ ਮਜ਼ਬੂਤ ਹੈ ਅਤੇ ਅਦਾਲਤੀ ਕਾਰਵਾਈ ਚੱਲ ਸਕਦੀ ਹੈ। ਸਿੱਖ ਵਿਰੋਧੀ ਦੰਗਿਆਂ ਦਾ ਕੇਸ ਲੜ ਰਹੇ ਵਕੀਲ ਐਚ ਐਸ ਫੂਲਕਾ ਨੇ ਕੱਲ੍ਹ ਦੱਸਿਆ ਕਿ 'ਕਾਂਗਰਸੀ ਆਗੂ ਕਮਲਨਾਥ ਦੇ ਖਿਲਾਫ ਕੇਸ ਸੱਜਣ ਕੁਮਾਰ ਨਾਲੋਂ ਵੱਧ ਮਜ਼ਬੂਤ ਹੈ। ਇਸ ਦਾ ਕਾਰਨ ਇਹ ਹੈ ਕਿ ਸੱਜਣ ਕੁਮਾਰ ਅਤੇ ਹੋਰਨਾਂ ਨੇ ਨਵੰਬਰ ਇਕ ਅਤੇ ਦੋ ਨੂੰ ਦਿੱਲੀ ਵਿੱਚ ਆਪਣੀ ਮੌਜੂਦਗੀ ਤੋਂ ਇਨਕਾਰ ਕੀਤਾ ਸੀ, ਜਦੋਂ ਇਕੋ ਪਰਵਾਰ ਦੇ ਪੰਜ ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ, ਪਰ ਕਮਲਨਾਥ ਨੇ ਇਕ ਨਵੰਬਰ 1984 ਵਿੱਚ ਗੁਰਦੁ-ਆਰਾ ਰਕਾਬਗੰਜ ਵਿੱਚ ਆਪਣੀ ਮੌਜੂਦਗੀ ਮੰਨੀ ਹੈ। ਉਸ ਦਿਨ ਦੋ ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ ਤੇ ਫਿਰਕੂ ਭੀੜ ਨੇ ਗੁਰਦੁਆਰੇ ਨੂੰ ਅੱਗ ਲਾ ਦਿੱਤਾ ਸੀ।' ਫੂਲਕਾ ਨੇ



ਦੱਸਿਆ ਕਿ ਇਸ ਕੇਸ ਦੇ ਦੋ ਚਸ਼ਮਦੀਦਾਂ ਨੇ ਕਮਲ ਨਾਥ ਖਿਲਾਫ ਕੇਂਦਰੀ ਵਿਸ਼ੇਸ਼ ਜਾਂਚ ਟੀਮ ਨੂੰ ਲਿਖ ਕੇ ਬਿਆਨ ਲੈਣ ਦੀ ਇੱਛਾ ਜਤਾਈ ਹੈ। ਚਸ਼ਮਦੀਦਾਂ ਵਿੱਚ ਸੰਜੇ ਸੂਰੀ ਸ਼ਾਮਲ ਹਨ ਜੋ ਸਿੱਖਾਂ ਦੇ ਕਤਲੇਆਮ ਦੌਰਾਨ 'ਇੰਡੀਅਨ ਐਕਸਪ੍ਰੈਸ' ਦੇ ਪੱਤਰਕ-ਾਰ ਸਨ। ਦੋ ਸਿੱਖਾਂ ਨੂੰ ਜ਼ਿੰਦਾ ਸਾੜੇ ਜਾਣ ਦੇ ਮਾਮਲੇ ਵਿੱਚ ਕਮਲਨਾਥ ਮੁਲਜ਼ਮ ਹਨ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਭੀੜ ਨੂੰ ਭੜਕਾਇਆ ਸੀ।

ਦੂਜੇ ਪਾਸੇ, ਕਮਲ ਨਾਥ ਦਾ ਕਹਿਣਾ ਹੈ ਕਿ ਉਹ ਉਸ ਦੌਰਾਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਹਦਾਇਤਾਂ 'ਤੇ ਦੰਗਾਕਾਰੀਆਂ ਨੂੰ ਸ਼ਾਂਤ ਕਰਨ ਲਈ ਗੁਰਦੁਆਰੇ ਵਿੱਚ ਸੀ। ਵਰਨਣ ਯੋਗ ਹੈ ਕਿ ਨਾਨਾਵਤੀ ਕਮਿਸ਼ਨ, ਜਿਸ ਨੇ 1984 ਕਤਲੇਆਮ ਦੇ ਤਿੰਨ ਕੇਸਾਂ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਹਨ, ਨੇ ਗੁਰ-ਦੁਆਰਾ ਰਕਾਬਗੰਜ ਮਾਮਲੇ ਵਿੱਚ ਕਮਲ ਨਾਥ ਨੂੰ ਸ਼ੱਕ ਦੇ ਆਧਾਰ 'ਤੇ ਬਰੀ ਕਰ ਦਿੱਤਾ ਸੀ। ਫੂਲਕਾ ਨੇ ਕੱਲ੍ਹ ਕਿਹਾ, 'ਨਾਨਾਵਤੀ ਕਮਿਸ਼ਨ ਨੇ ਮਜ਼ਬੂਤ ਕੇਸ ਦੇ ਬਾਵਜੂਦ ਸ਼ੱਕ ਦੇ ਆਧਾਰ 'ਤੇ ਕਮਲ ਨਾਥ ਨੂੰ ਬਰੀ ਕੀਤਾ ਸੀ। ਪੁਲਸ ਰਿਕਾਰਡ ਵਿੱਚ ਦਰਜ ਹੈ ਕਿ ਘਟਨਾ ਵੇਲੇ ਕਮਲਨਾਥ ਗੁਰਦੁਆਰੇ ਵਿੱਚ ਸੀ। ਵਕੀਲ ਕਾਮਨਾ ਵੋਹਰਾ ਨੇ ਕਿਹਾ ਕਿ ਕਮਲ ਨਾਥ ਖਿਲਾਫ ਕੇਸ ਮਜ਼ਬੂਤ ਹੈ ਕਿਉਂਕਿ ਗਵਾਹ ਆਪਣੇ ਬਿਆਨ ਦਰਜ ਕਰਾਉਣਾ ਚਾਹੁੰਦੇ ਹਨ, ਜਿਸ ਲਈ ਉਨ੍ਹਾਂ ਹਲਫਨਾਮੇ ਦਿੱਤੇ ਹਨ।

## ਮੇਕਅਪ ਨਾਲ ਗੁਜਰਾਤੀ ਜਵਾਨ ਨੂੰ ਬੁੱਢਾ ਬਣਾਉਣ ਵਾਲਾ ਬਿੱਲੂ ਵੀ ਗ੍ਰਿਫਤਾਰ



ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- 32 ਸਾਲ ਦੇ ਜਯੇਸ਼ ਪਟੇਲ ਨੇ 81 ਸਾਲ ਦੇ ਬਜ਼ੁਰਗ ਦਾ ਭੇਸ ਬਣਾ ਕੇ ਪਾਸਪੋਰਟ ਬਣਵਾ ਲਿਆ। ਇਥੋਂ ਤੱਕ ਕਿ ਵੀਜ਼ਾ ਵੀ ਲੈ ਲਿਆ ਤੇ ਏਅਰਪੋਰਟ ਪਹੁੰਚ ਕੇ ਅਮਰੀਕਾ ਜਾਣ ਦੀ ਤਾਕ ਵਿੱਚ ਸੀ। ਉਹ ਵਿਦੇਸ਼ ਜਾਣ ਵਿੱਚ ਕਾਮਯਾਬ ਵੀ ਹੋ ਜਾਂਦਾ, ਜੇ ਸੁਰੱਖਿਆ ਵਿੱਚ ਤੈਨਾਤ ਅਧਿਕਾਰੀ ਦੀਆਂ ਤੇਜ਼ ਨਜ਼ਰਾਂ ਤੋਂ ਬਚ ਜਾਂਦਾ। ਉਹ ਪੁਲਸ ਦੀ ਗ੍ਰਿਫਤ ਵਿੱਚ ਆ ਗਿਆ ਹੈ।

ਜਯੇਸ਼ ਨੂੰ 10 ਸਤੰਬਰ ਨੂੰ ਦਿੱਲੀ ਏਅਰਪੋਰਟ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਜਿਸ ਨੇ ਬਜ਼ੁਰਗ ਦਾ ਗੈਟ-ਅਪ ਦਿੱਤਾ, ਉਹ ਵੀ ਗ੍ਰਿਫਤਾਰ ਹੋ ਚੁੱਕਾ ਹੈ। ਜਯੇਸ਼ ਦਾ ਮੇਕਅਪ ਦਿੱਲੀ ਦੇ ਮਸ਼ਹੂਰ ਮੇਕਅਪ ਆਰਟਿਸਟ ਸ਼ਮਸ਼ੇਰ ਸਿੰਘ ਨੇ ਕੀਤਾ ਸੀ, ਜਿਸ ਦਾ ਰੋਹਿਣੀ ਵਿੱਚ ਬਿੱਲੂ ਬਾਰਬਰ ਦੇ ਨਾਂਅ ਨਾਲ ਸੈਲੂਨ ਹੈ। ਸ਼ਮਸ਼ੇਰ ਸਿੰਘ ਨੇ ਗ੍ਰਿਫਤਾਰੀ ਦੌਰਾਨ ਦੱਸਿਆ ਕਿ ਉਹ ਅੱਠ ਸਾਲਾਂ ਤੋਂ ਇਹ ਕੰਮ ਕਰ ਰਿਹਾ ਹੈ। ਉਸ ਕੋਲੋਂ ਦੇਸ਼ ਵਿਦੇਸ਼ ਤੋਂ ਲੋਕ ਮੇਕਅਪ ਕਰਾਉਣ ਆਉਂਦੇ ਹਨ। ਉਹ 12 ਘੰਟਿਆਂ ਵਿੱਚ ਕਿਸੇ ਦੇ ਚਿਹਰੇ ਅਤੇ ਹੁਲੀਏ ਨੂੰ ਕਿਸੇ ਵੀ ਦੱਸੀ ਸ਼ਕਲ ਵਿੱਚ ਬਦਲ ਸਕਦਾ ਹੈ। ਉਸ ਨੇ ਦੱਸਿਆ ਕਿ ਪਹਿਲਾਂ ਉਸ ਨੂੰ ਇਸ ਦਾ ਪਤਾ ਨਹੀਂ ਸੀ, ਪਰ ਕਰੀਬ ਦੋ ਸਾਲ ਪਹਿਲਾਂ ਇੱਕ ਏਜੰਟ ਨੇ ਉਸ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਉਹ ਲੋਕਾਂ ਨੂੰ ਗੈਟਅਪ ਆਪਣੇ ਤਰੀਕੇ ਨਾਲ ਕਰਵਾਉਣਾ ਚਾਹੁੰਦਾ ਹੈ, ਪਰ ਉਸ ਨੇ ਇਹ ਨਹੀਂ ਦੱਸਿਆ ਕਿ ਉਹ ਇਸ ਦੀ ਵਰਤੋਂ ਲੋਕਾਂ ਨੂੰ ਕਬੂਤਰਬਾਜ਼ੀ ਨਾਲ ਵਿਦੇਸ਼ ਭੇਜਣ ਲਈ ਕਰਦਾ ਸੀ। ਸ਼ਮਸ਼ੇਰ ਨੇ ਇਹ ਮੰਨਿਆ ਕਿ ਜਯੇਸ਼ ਦੇ ਗੈਟਅਪ ਨੂੰ ਬਦਲਦੇ ਸਮੇਂ ਉਸ ਨੂੰ ਪਤਾ ਸੀ ਕਿ ਜਯੇਸ਼ ਫਰਜ਼ੀ ਪਾਸਪੋਰਟ ਅਤੇ ਵੀਜ਼ਾ ਬਣਵਾ ਰਿਹਾ ਹੈ। ਪੁਲਸ ਮੁਤਾਬਕ ਸ਼ਮਸ਼ੇਰ ਏਜੰਟਾਂ ਦੇ ਕਹਿਣ ਉਤੇ 10 ਹੋਰ ਲੋਕਾਂ ਦਾ ਗੈਟਅਪ ਇਸੇ ਤਰ੍ਹਾਂ ਬਦਲ ਚੁੱਕਾ ਹੈ, ਜਿਨ੍ਹਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ। ਪੁਲਸ ਨੇ ਉਸ ਕੋਲੋਂ ਮੇਕਅਪ ਦਾ ਪੂਰਾ ਸਮਾਨ ਵੀ ਬਰਾਮਦ ਕਰ ਲਿਆ ਹੈ। ਦੋਸ਼ੀ ਨੇ ਦੱਸਿਆ ਕਿ ਉਹ ਇੱਕ ਵਿਅਕਤੀ ਕੋਲੋਂ ਮੇਕਅਪ ਲਈ 20 ਹਜ਼ਾਰ ਰੁਪਏ ਲੈਂਦਾ ਸੀ।

# ਯੋਗੀ ਸਰਕਾਰ ਨੂੰ ਝਟਕਾ, 17 ਅੱਤ ਪਿਛੜੀਆਂ ਜਾਤਾਂ ਨੂੰ ਐੱਸ ਸੀ ਐਲਾਨਣ ਉੱਤੇ ਰੋਕ ਲੱਗੀ

* ਹਾਈ ਕੋਰਟ ਨੇ ਰਾਜ ਸਰਕਾਰ ਦੇ ਤਿੰਨ ਆਰਡੀਨੈਂਸ ਰੋਕੇ



ਪ੍ਰਯਾਗਰਾਜ, 17 ਸਤੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਸਰਕਾਰ ਵੱਲੋਂ 17 ਅੱਤ ਪਿਛੜੀ ਜਾਤਾਂ ਨੂੰ ਅਨੁਸੂਚਿਤ ਜਾਤੀ (ਐੱਸ ਸੀ) ਵਿੱਚ ਪਾਉਣ ਦੇ ਫੈਸਲੇ ਉਤੇ ਇਲਾਹਾਬਾਦ ਹਾਈ ਕੋਰਟ ਨੇ ਰੋਕ ਲਾ ਦਿੱਤੀ ਹੈ ਅਤੇ ਇਸ ਰਾਜ ਵਿੱਚ ਮੌਜੂਦਾ ਭਾਜਪਾ ਸਰਕਾਰ ਅਤੇ ਪਿਛਲੀ ਸਮਾਜਵਾਦੀ ਸਰਕਾਰ ਦੇ ਤਿੰਨ ਆਰਡੀਨੈਂਸਾਂ 'ਤੇ ਰੋਕ ਲਾ ਕੇ ਰਾਜ ਸਰਕਾਰ ਤੋਂ ਤਿੰਨ ਹਫਤੇ ਵਿੱਚ ਇਸ ਸੰਬੰਧ ਵਿੱਚ ਜਵਾਬ ਮੰਗਿਆ ਹੈ।

ਇਹ ਹੁਕਮ ਜਸਟਿਸ ਸੁਧੀਰ ਅਗਰਵਾਲ ਅਤੇ ਜਸਟਿਸ ਰਾਜੀਵ ਮਿਸ਼ਰ ਦੀ ਬੈਂਚ ਨੇ ਸਮਾਜਕ ਕਾਰਕੁਨ ਗੋਰਖ ਨਾਥ ਦੀ ਪਟੀਸ਼ਨ ਉਤੇ ਜਾਰੀ ਕੀਤਾ ਹੈ। ਰਾਜ ਸਰਕਾਰ ਨੇ 21 ਅਤੇ 22 ਦਸੰਬਰ 2016 ਅਤੇ 24 ਜੂਨ 2019 ਨੂੰ ਆਰਡੀਨੈਂਸ ਜਾਰੀ ਕਰ ਕੇ ਪਿਛੜੇ ਵਰਗ ਦੀਆਂ 17 ਅੱਤ ਪਿਛੜੀ ਜਾਤੀਆਂ ਨੂੰ ਅਨੁਸੂਚਿਤ ਜਾਤੀ ਐਲਾਨ ਕੀਤਾ ਸੀ। ਸਰਕਾਰ ਦੇ ਇਸ ਫੈਸਲੇ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਕੇਵਲ ਰਾਸ਼ਟਰਪਤੀ ਵੱਲੋਂ ਉੱਤਰ ਪ੍ਰਦੇਸ਼ ਲਈ ਜਾਰੀ ਆਰਡੀਨੈਂਸ ਵਿੱਚ ਸ਼ਾਮਲ ਅਨੁਸੂਚਿਤ ਜਾਤੀਆਂ ਨੂੰ ਸਰਟੀਫਿਕੇਟ ਦੇਣ ਦਾ ਹੁਕਮ ਦਿੱਤਾ ਅਤੇ ਤਿੰਨਾਂ ਆਰਡੀਨੈਂਸਾਂ ਵਿੱਚ ਅਨੁਸੂਚਤ ਜਾਤੀ ਵਿੱਚ ਐਲਾਨ ਪਿਛੜੀ ਜਾਤੀਆਂ ਨੂੰ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਜਾਰੀ ਨਹੀਂ ਕਰਨ ਲਈ ਨੂੰ ਕਿਹਾ ਹੈ। ਇਹ 17 ਜਾਤੀਆਂ ਕਹਾਰ, ਕਸ਼ਯਪ, ਕੇਵਟ, ਮੱਲਾਹ, ਨਿਸ਼ਾਦ, ਘੁਮਿਆਰਪ, ਪਰਜਾਪਤੀ, ਧੀਵਰ, ਬਿੰਦ, ਭਰ, ਰਾਜਭਰ, ਧੀਮਰ, ਬਾਥਮ, ਤੁਰਹਾ, ਗੋੜੀਆ, ਮਾਂਝੀ ਅਤੇ ਮਛੂਆ ਹਨ। ਕੋਰਟ ਨੇ ਕਿਹਾ ਕਿ ਕੇਂਦਰ ਸਰਕਾਰ ਕਾਨੂੰਨ ਬਣਾ ਕੇ ਕਿਸੇ ਜਾਤੀ ਨੂੰ ਅਨੁਸੂਚਿਤ ਜਾਤੀ ਐਲਾਨ ਕਰ ਸਕਦੀ ਹੈ। ਸੂਬਾ ਸਰਕਾਰ ਨੂੰ ਇਹ ਅਧਿਕਾਰ ਨਹੀਂ ਹੈ। ਅਖਿਲੇਸ਼ ਯਾਦਵ ਦੇ ਰਾਜ ਵਿੱਚ ਆਰਡੀਨੈਂਸ ਜਾਰੀ ਕਰ ਕੇ ਪਿਛੜੀ ਜਾਤੀਆਂ ਦੇ ਲੋਕਾਂ ਨੂੰ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਵੀ ਜਾਰੀ ਕੀਤਾ ਗਿਆ ਸੀ।

## ਉਤਰ ਪ੍ਰਦੇਸ਼ 'ਚ ਆਨਰ ਕਿਲਿੰਗ ਵਿੱਚ ਨੌਜਵਾਨ ਜ਼ਿੰਦਾ ਸਾੜਿਆਉਤਰ ਪ੍ਰਦੇਸ਼ 'ਚ ਆਨਰ ਕਿਲਿੰਗ ਵਿੱਚ ਨੌਜਵਾਨ ਜ਼ਿੰਦਾ ਸਾੜਿਆ

ਹਰਦੋਈ, 17 ਸਤੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲੇ ਦੇ ਭਾਦੇਸਾ ਇਲਾਕੇ 'ਚ ਇਕ 20 ਸਾਲਾਂ ਨੌਜਵਾਨ ਦੀ ਦੂਜੀ ਜਾਤੀ ਦੀ ਲੜਕੀ ਨਾਲ ਸਬੰਧ ਰੱਖਣ ਕਾਰਨ ਲੜਕੀ ਦੇ ਰਿਸ਼ਤੇਦਾਰਾਂ ਨੇ ਉਸ ਨੂੰ ਜਿਉਂਦਾ ਸਾੜ ਦਿੱਤਾ ਹੈ। ਇਸ ਦੀ ਸੂਚਨਾ ਮਿਲਣ 'ਤੇ ਪੀੜਤ ਲੜਕੇ ਦੀ ਮਾਂ ਦੀ ਸਦਮੇ ਨਾਲ ਮੌਤ ਹੋ ਗਈ।

ਹਰਦੋਈ ਦੇ ਪੁਲਸ ਸੁਪਰਡੈਂਟ ਅਲੋਕ ਪ੍ਰਿਆਦਰਸ਼ੀ ਨੇ ਦੱਸਿਆ ਕਿ ਅਣਖ ਖਾਤਰ ਹੱਤਿਆ ਵਾਲੀ ਇਹ ਘਟਨਾ ਇਸ ਜ਼ਿਲੇ ਦੇ ਭਰੋਸਾ ਇਲਾਕੇ ਵਿੱਚ ਬੀਤੇ ਦਿਨੀਂ ਵਾਪਰੀ, ਜਦੋਂ ਔਰਤ ਦੇ ਰਿਸ਼ਤੇਦਾਰਾਂ ਨੇ ਅਭਿਸ਼ੇਕ ਉਰਫ ਮਨੂ ਨੂੰ ਅਗਵਾ ਕਰ ਕੇ ਪਹਿਲਾਂ ਉਸ ਨਾਲ ਕੁੱਟਮਾਰ ਕੀਤੀ ਅਤੇ ਬਾਅਦ 'ਚ ਉਸਨੂੰ ਅੱਗ ਲਾ ਦਿੱਤੀ। ਸਥਾਨਕ ਲੋਕ ਉਸ ਦੀਆਂ ਚੀਕਾਂ ਸੁਣ ਕੇ ਘਟਨਾ ਸਥਾਨ 'ਤੇ ਪੁੱਜੇ ਤੇ ਲੜਕੇ ਨੂੰ ਸਥਾਨਕ ਹਸਪਤਾਲ 'ਚ ਭਰਤੀ ਕਰਵਾਇਆ ਪਰ ਉਸ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸ ਨੂੰ ਲਖਨਊ ਹਸਪਤਾਲ ਭੇਜ ਦਿੱਤਾ ਗਿਆ। ਉਸ ਦੀ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਰਸਤੇ 'ਚ ਮੌਤ ਹੋ ਗਈ। ਮ੍ਰਿਤਕ ਲੜਕੇ ਦੇ ਇਕ ਰਿਸ਼ਤੇਦਾਰ ਨੇ ਦੱਸਿਆ ਕਿ ਉਹ (ਮਨੂ) ਆਪਣੀ ਬਿਮਾਰ ਮਾਂ ਰਾਮ ਬੇਟੀ (60) ਦੇ ਇਲਾਜ ਲਈ 25,000 ਰੁਪਏ ਦਾ ਪ੍ਰਬੰਧ ਕਰ ਕੇ ਘਰ ਜਾ ਰਿਹਾ ਸੀ ਤਾਂ ਲੜਕੀ ਦੇ ਕੁਝ ਰਿਸ਼ਤੇਦਾਰ ਅਗਵਾ ਕਰਕੇ ਲੈ ਗਏ। ਉਨ੍ਹਾਂ ਉਸ ਤੋਂ ਪੈਸੇ ਖੋਹ ਕੇ ਉਸ ਨੂੰ ਅੱਗ ਲਾ ਦਿੱਤੀ। ਇਸ ਦਾ ਬਾਰੇ ਪਤਾ ਲੱਗਣ 'ਤੇ ਮਨੂ ਦੀ ਮਾਂ ਦੀ ਸਦਮੇ ਕਾਰਨ ਮੌਤ ਹੋ ਗਈ। ਪੁਲਸ ਨੇ ਪੰਜ ਲੋਕਾਂ ਖਿਲਾਫ ਮਾਮਲਾ ਦਰਜ ਕਰ ਲਿਆ ਜਿਸ ਵਿਚ ਲੜਕੀ ਦੇ ਦੋ ਰਿਸ਼ਤੇਦਾਰ ਤੇ ਉਨ੍ਹਾਂ ਦੇ ਦੋ ਗੁਆਂਢੀ ਸ਼ਾਮਲ ਹਨ।

# ਅਯੁੱਧਿਆ ਕੇਸ ਦੀ ਲਾਈਵ ਟੈਲੀਕਾਸਟ ਕਰਨ ਲਈ ਰਜਿਸਟਰੀ ਨੂੰ ਕੋਰਟ ਦੀ ਹਦਾਇਤ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਆਪਣੀ ਰਜਿਸਟਰੀ ਨੂੰ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਜ਼ਮੀਨ ਵਿਵਾਦ ਨਾਲ ਸਬੰਧਤ ਕੇਸ ਦੀ ਸੁਣਵਾਈ ਦਾ ਸਿੱਧਾ ਪ੍ਰਸਾਰਨ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ ਹੈ। ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਰਜਿਸਟਰੀ ਨੂੰ ਕਿਹਾ ਕਿ ਜੇ ਇਹ ਸੰਭਵ ਹੈ ਤਾਂ ਇਸ ਅਮਲ ਨੂੰ ਨੇਪਰੇ ਚਾੜ੍ਹਨ 'ਚ ਲੱਗਣ ਵਾਲੇ ਸਮੇਂ ਬਾਰੇ ਦੱਸਿਆ ਜਾਵੇ। ਜਸਟਿਸ ਐਸ ਏ ਬੋਬੜੇ ਅਤੇ ਜਸਟਿਸ ਐਸ ਏ ਨਜ਼ੀਰ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ, 'ਸੁਪਰੀਮ ਕੋਰਟ ਦੀ ਰਜਿਸਟਰੀ ਦੱਸੇ ਕਿ ਕੀ ਸੁਣਵਾਈ ਦਾ ਸਿੱਧਾ ਪ੍ਰਸਾਰਨ ਹੋ ਸਕਦਾ ਹੈ ਤੇ ਇਸ ਨੂੰ ਨੇਪਰੇ ਚਾੜ੍ਹਨ ਵਿੱਚ ਕਿੰਨਾ ਸਮਾਂ ਲੱਗੇਗਾ।'



ਆਰ ਐਸ ਐਸ ਦੇ ਸਾਬਕਾ ਪ੍ਰਚਾਰਕ ਕੇ ਐਨ ਗੋਵਿੰਦਾਚਾਰੀਆ ਵੱਲੋਂ ਪੇਸ਼ ਸੀਨੀਅਰ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਪਟੀਸ਼ਨਰ ਨੂੰ ਸੁਪਰੀਮ ਕੋਰਟ ਉੱਤੇ ਪੂਰਾ ਯਕੀਨ ਹੈ, ਪਰ ਕੇਸ ਨਾਲ ਸਬੰਧਤ ਕਈ ਲੋਕ ਇਸ ਰੋਜ਼ ਸੁਣਵਾਈ ਲਈ ਕੋਰਟ ਨਹੀਂ ਆ ਸਕਦੇ। ਇਸ ਲਈ ਸੁਣਵਾਈ ਦਾ ਸਿੱਧਾ ਪ੍ਰਸਾਰਨ ਕਰਨ ਨਾਲ ਉਨ੍ਹਾਂ ਨੂੰ ਸੁਣਵਾਈ ਦੀ ਜਾਣਕਾਰੀ ਲੈਣ ਵਿੱਚ ਮਦਦ ਮਿਲੇਗੀ। ਬੈਂਚ ਨੇ ਰਜਿਸਟਰੀ ਨੂੰ ਕੀਤੀਆਂ ਹਦਾਇਤਾਂ ਲਈ ਕੋਈ ਸਮਾਂ ਸੀਮਾ ਨਹੀਂ ਮਿੱਥੀ। ਵਿਕਾਸ ਸਿੰਘ ਨੇ ਜਦੋਂ ਬੈਂਚ ਨੂੰ ਇਸ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਰਜਿਸਟਰੀ 'ਤੇ ਨਿਰਭਰ ਕਰੇਗਾ।

ਵਰਨਣ ਯੋਗ ਹੈ ਕਿ ਇਸ ਮਾਮਲੇ ਦੀ ਸੁਣਵਾਈ ਦਾ ਸਿੱਧਾ ਪ੍ਰਸਾਰਨ ਕਰਨ ਦੀ ਮੰਗ ਕਰਦੀ ਪਟੀਸ਼ਨ ਜਸਟਿਸ ਆਰ ਐਫ ਨਰੀਮਨ ਦੀ ਅਗਵਾਈ ਵਾਲੇ ਬੈਂਚ ਨੇ ਛੇ ਸਤੰਬਰ ਨੂੰ ਚੀਫ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਹਵਾਲੇ ਕਰ ਦਿੱਤੀ ਸੀ। ਗੋਵਿੰਦਾਚਾਰੀਆ ਨੇ ਪਟੀਸ਼ਨ 'ਚ ਕਿਹਾ ਸੀ ਜੇ ਅਯੁੱਧਿਆ ਕੇਸ ਦੀ ਕਾਰਵਾਈ ਦਾ ਸਿੱਧਾ ਪ੍ਰਸਾਰਨ ਸੰਭਵ ਨਾ ਹੋਵੇ ਤਾਂ ਘੱਟੋ-ਘੱਟ ਸਾਰੀ ਕਾਰਵਾਈ ਦੀ ਆਡੀਓ ਰਿਕਾਰਡਿੰਗ ਜਾਂ ਉਤਾਰਾ ਕਰਵਾਇਆ ਜਾਵੇ।

# ਕਾਰ ਬਾਜ਼ਾਰ ਵਿੱਚ ਹੁੰਡਈ ਦੀ ਹਿੱਸੇਦਾਰੀ ਵਧੀ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਆਟੋਮੋਬਾਈਲ ਬਾਜ਼ਾਰ ਦੀ ਭਾਰੀ ਮੰਦੀ ਦੇ ਬਾਵਜੂਦ ਹੁੰਡਈ ਨੇ ਆਪਣੀ ਬਾਜ਼ਾਰ 'ਚ ਹਿੱਸੇਦਾਰੀ ਵਧਾਉਣ ਵਿੱਚ ਸਫਲਤਾ ਕੀਤੀ ਹੈ। ਚਾਲੂ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਦੇਸ਼ ਦੇ ਕਾਰ ਬਾਜ਼ਾਰ ਵਿੱਚ ਹੁੰਡਈ ਦੀ ਬਾਜ਼ਾਰ ਹਿੱਸੇਦਾਰੀ ਪਿਛਲੇ ਵਿੱਤੀ ਸਾਲ ਦੇ ਪੰਜ ਮਹੀਨਿਆਂ ਦੇ ਮੁਕਾਬਲੇ 15.60 ਫੀਸਦੀ ਤੋਂ ਵਧ ਕੇ 18.36 ਫੀਸਦੀ ਹੋ ਗਈ ਹੈ।

ਕਾਰ ਬਾਜ਼ਾਰ ਦੇ ਅੰਕੜੇ ਦੱਸਦੇ ਹਨ ਕਿ ਹੁੰਡਈ ਅਤੇ ਮਹਿੰਦਰਾ ਤੋਂ ਇਲਾਵਾ ਹੋਰ ਕਿਸੇ ਕੰਪਨੀ ਦੀ ਬਾਜ਼ਾਰ ਵਿੱਚ ਹਿੱਸੇਦਾਰੀ ਖਾਸ ਤੌਰ 'ਤੇ ਨਹੀਂ ਵਧੀ। ਮਹਿੰਦਰਾ ਐਂਡ ਮਹਿੰਦਰਾ ਦੀ ਬਾਜ਼ਾਰ ਹਿੱਸੇਦਾਰੀ ਇਸ ਦੌਰਾਨ 6.89 ਫੀਸਦੀ ਤੋਂ ਵਧ ਕੇ 8.08 ਫੀਸਦੀ ਹੋ ਗਈ ਹੈ। ਮਾਰੂਤੀ ਸੁਜ਼ੂਕੀ ਦੀ ਹਿੱਸੇਦਾਰੀ 52.17 ਫੀਸਦੀ ਤੋਂ ਘੱਟ ਕੇ 48.85 ਫੀਸਦੀ ਹੋ ਗਈ ਹੈ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਬਾਜ਼ਾਰ ਹਿੱਸੇਦਾਰੀ ਦੇ ਪੱਖ ਤੋਂ ਮਾਰੂਤੀ ਸੁਜ਼ੂਕੀ ਦੀ ਇਕੱਲੇ ਦੀ ਹਿੱਸੇਦਾਰੀ ਦੇਸ਼ ਦੀ ਦੂਜੀਆਂ ਸਾਰੀਆਂ 21 ਕੰਪਨੀਆਂ ਦੀ ਬਾਜ਼ਾਰ ਹਿੱਸੇਦਾਰੀ ਦੇ ਬਰਾਬਰ ਹੈ। ਹੁੰਡਈ ਮੋਟਰ ਇੰਡੀਆ ਦੇ ਜਨਰਲ ਮੈਨੇਜਰ (ਵਿਕਰੀ) ਪੁਨੀਤ ਆਨੰਦ ਨੇ ਦੱਸਿਆ ਕਿ ਪਿਛਲੇ ਛੇ ਮਹੀਨਿਆਂ ਵਿੱਚ ਤਿੰਨ ਨਵੀਆਂ ਕਾਰਾਂ (ਵੈਨਯੂ, ਕੋਨਾ ਅਤੇ ਆਈ 10 ਨਿਓਸ) ਨੂੰ ਲਾਂਚ ਕੀਤਾ ਹੈ, ਜਿਸ ਕਾਰਨ ਬੁਕਿੰਗ ਹੋ ਚੁੱਕੀ ਹੈ, ਜਦ ਕਿ 32 ਹਜ਼ਾਰ ਕਾਰਾਂ ਦੀ ਡਿਲਵਿਰੀ ਹੋ ਚੁੱਕੀ ਹੈ। 9000 ਨਿਓਸ ਦੀ ਬੁਕਿੰਗ ਹੋ ਚੁੱਕੀ ਹੈ। ਇਲੈਕਟ੍ਰਿਕ ਕਾਰ ਕੋਨਾ ਦੀ ਵੀ 300 ਬੁਕਿੰਗ ਹੋ ਚੁੱਕੀ ਹੈ ਜੋ ਕੰਪਨੀ ਦੀਆਂ ਆਸਾਂ ਤੋਂ ਜ਼ਿਆਦਾ ਹੈ। ਤਿੰਨ ਨਵੀਆਂ ਕਾਰਾਂ ਦੇ ਆਉਣ ਨਾਲ ਕੰਪਨੀ ਦੇ ਸ਼ੋਅਰੂਮ ਵਿੱਚ ਲਗਾਤਾਰ ਹਲਚਲ ਬਣੀ ਹੋਈ ਹੈ।

## ਲੋਕਾਂ ਨੇ ਕਾਲੇ ਮੁਰਗੇ ਲਹਿਰਾ ਕੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਾ ਵਿਰੋਧ ਕੀਤਾ


ਸਾਂਗਲੀ, 17 ਸਤੰਬਰ (ਪੋਸਟ ਬਿਊਰੋ)- ਲੋਕਾਂ ਨੂੰ ਕਾਲੇ ਝੰਡੇ ਲੈ ਕੇ ਜਾਂ ਕਾਲੀਆਂ ਪੱਟੀਆਂ ਬੰਨ੍ਹ ਕੇ ਨੇਤਾਵਾਂ ਦਾ ਵਿਰੋਧ ਕਰਦੇ ਹੋਏ ਤਾਂ ਕਈ ਵਾਰ ਦੇਖਿਆ ਗਿਆ ਹੈ, ਪਰ ਪਹਿਲੀ ਵਾਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦਾ ਵਿਰੋਧ ਆਮ ਲੋਕਾਂ ਨੇ ਕਾਲੇ ਮੁਰਗੇ ਆਪਣੇ ਹੱਥਾਂ ਵਿੱਚ ਲੈ ਕੇ ਕੀਤਾ ਹੈ।

ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਵਿਚ ਪੈਂਦੇ ਕੁੰਡਲ ਖੇਤਰ ਵਿੱਚ ਸਵਾਭਿਮਾਨੀ ਸ਼ੇਤਕਾਰੀ ਸੰਗਠਨ ਦੇ ਵਰਕਰਾਂ ਨੇ ਅੱਜ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ 'ਮਹਾਜਨਾਦੇਸ਼ ਯਾਤਰਾ' ਦੌਰਾਨ ਕਾਲੇ ਮੁਰਗੇ ਹੱਥਾਂ ਵਿਚ ਫੜ ਕੇ ਕਾਫ਼ਲੇ ਦਾ ਵਿਰੋਧ ਕੀਤਾ। ਇਸ ਦੌਰਾਨ ਕੁਝ ਵਰਕਰਾਂ ਨੇ ਕਾਫ਼ਲੇ ਉੱਤੇ ਆਂਡੇ ਮਾਰਨ ਦਾ ਯਤਨ ਵੀ ਕੀਤਾ, ਜਿਸ ਨੂੰ ਅਸਫ਼ਲ ਕਰ ਦਿੱਤਾ ਗਿਆ। ਜਦੋਂ ਰਾਜੂ ਸ਼ੈਟੀ ਦੀ ਅਗਵਾਈ ਵਾਲੀ ਪਾਰਟੀ ਦੇ ਕੁਝ ਵਰਕਰਾਂ ਨੇ ਕਾਲੇ ਮੁਰਗੇ ਵਿਖਾ ਕੇ ਕਾਫ਼ਲੇ ਮੂਹਰੇ ਵਿਰੋਧ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕੀਤੀ ਤਾਂ ਓਥੇ ਮੌਜੂਦ ਸੁਰੱਖਿਆ ਮੁਲਾਜ਼ਮਾਂ ਨੇ ਵਿਰੋਧ ਕਰਦੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਿਸ ਦੌਰਾਨ ਮੁੱਖ ਮੰਤਰੀ ਦਾ ਕਾਫ਼ਲਾ ਉਥੋਂ ਬਿਨਾਂ ਕਿਸੇ ਰੁਕਾਵਟ ਦੇ ਲੰਘ ਗਿਆ।

ਅਸਲ ਵਿੱਚ ਇਸ ਵਿਰੋਧ ਦਾ ਕਾਰਨ ਇਹ ਹੈ ਕਿ ਸੰਗਠਨ ਵੱਲੋਂ ਇਕ ਕੁੱਕੜਾਂ ਦੀ ਫਰਮ ਵਿਰੁੱਧ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਤੋਂ ਜਾਂਚ ਦੀ ਮੰਗ ਕੀਤੀ ਗਈ ਹੈ। ਇਸ ਫਰਮ ਉੱਤੇ ਦੋਸ਼ ਹੈ ਕਿ ਉਸ ਨੇ ਕਿਸਾਨਾਂ ਨੂੰ ਕੜਕ ਮੁਰਗਿਆਂ ਦੇ ਪਾਲਣ ਵਿਚ ਮਦਦ ਕਰਨ ਦਾ ਵਾਅਦਾ ਕਰ ਕੇ 550 ਕਰੋੜ ਰੁਪਏ ਦਾ ਧੋਖਾ ਕੀਤਾ ਹੈ। ਇਸ ਸੰਠਗਨ ਦੀ ਮੰਗ ਹੈ ਕਿ ਕੰਪਨੀ ਵਿਰੁਧ ਕਾਰਵਾਈ ਕੀਤੀ ਜਾਵੇ ਤੇ ਕਿਸਾਨਾਂ ਨੂੰ ਇਨਸਾਫ਼ ਦਿਵ-ਾਇਆ ਜਾਵੇ। ਇਸ ਖੇਤਰ ਦੇ ਮਾਹਿਰਾਂ ਅਨੁਸਾਰ ਕੜਕ ਮੁਰਗੇ ਦੇ ਮਾਸ ਵਿਚ ਆਇਰਨ ਤੇ ਪ੍ਰੋਟੀਨ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਪਰ ਕੋਲੈਸਟ੍ਰੋਲ ਹੋਰ ਨਸਲਾਂ ਦੇ ਮੁਰਗਿਆਂ ਤੋਂ ਕਾਫ਼ੀ ਘੱਟ ਹੁੰਦਾ ਹੈ। ਇਸ ਲਈ ਹੋਰ ਨਸਲਾਂ ਮੁਕਾਬਲੇ ਕੜਕਨਾਥ ਦੀ ਵੱਧ ਕੀਮਤ ਲੱਗਦੀ ਹੈ।

# ਅਯੁੱਧਿਆ ਕੇਸ ਵਿਚ ਸਾਲਸੀ ਪੈਨਲ ਨੇ ਗੱਲਬਾਤ ਮੁੜ ਆਰੰਭਣ ਲਈ ਇਜਾਜ਼ਤ ਮੰਗੀ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਅਯੁੱਧਿਆ ਦੇ ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਕੇਸ ਵਿੱਚ ਦੋਵਾਂ ਧਿਰਾਂ ਵਿਚਾਲੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰਨ ਵਾਲੀ ਕਮੇਟੀ ਨੇ ਸੁਪਰੀਮ ਕੋਰਟ ਨੂੰ ਅਰਜ਼ੀ ਦੇ ਕੇ ਗੱਲਬਾਤ ਫਿਰ ਸ਼ੁਰੂ ਕਰਨ ਦੀ ਇਜਾਜ਼ਤ ਮੰਗੀ ਹੈ। ਇਸ ਤਿੰਨ ਮੈਂਬਰੀ ਪੈਨਲ ਦੀ ਅਗਵਾਈ ਸੁਪਰੀਮ ਕੋਰਟ ਦੇ ਸਾਬਕਾ ਜੱਜ ਐਫ ਐਮ ਆਈ ਕਲੀਫੁੱਲਾ ਕਰ ਰਹੇ ਹਨ। ਦੋਵਾਂ ਵਿਰੋਧੀ ਧਿਰਾਂ ਨੇ ਪੈਨਲ ਤੱਕ ਪਹੁੰਚ ਕਰਕੇ ਅਯੁੱਧਿਆ ਦੇ ਰਾਮ ਮੰਦਰ ਮਸਲੇ ਦਾ ਹੱਲ ਕੱਢਣ ਨਾਲ ਗੱਲਬਾਤ ਮੁੜ ਸ਼ੁਰੂ ਕਰਨ ਲਈ ਕਿਹਾ ਹੈ।



ਵਰਨਣ ਯੋਗ ਹੈ ਕਿ ਇਨ੍ਹਾਂ ਧਿਰਾਂ ਨੇ ਨਾਲ ਹੀ ਕਿਹਾ ਕਿ ਕੇਸ ਦੀ ਸੁਣਵਾਈ ਸੁਪਰੀਮ ਕੋਰਟ ਵੱਲੋਂ ਜਾਰੀ ਰੱਖੀ ਜਾਵੇ। ਇਸ ਤੋਂ ਇਲਾਵਾ ਮੁਸਲਿਮ ਧਿਰਾਂ ਨੇ ਕੱਲ੍ਹ ਸੁਪਰੀਮ ਕੋਰਟ ਵਿੱਚ ਭਗਵਾਨ ਰਾਮ ਦੀ 'ਜਨਮਭੂਮੀ' ਨੂੰ ਕੇਸ ਵਿੱਚ ਧਿਰ ਬਣਾਉਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਜਿਹਾ ਇਸ ਲਈ ਕੀਤਾ ਗਿਆ ਹੈ ਕਿ ਕੋਈ ਹੋਰ ਇਸ ਵਿਵਾਦਤ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਜ਼ਮੀਨ 'ਤੇ ਦਾਅਵਾ ਨਾ ਕਰ ਸਕੇ। ਇਸ ਤੋਂ ਪਹਿਲਾਂ 'ਰਾਮ ਲੱਲਾ ਬਿਰਾਜਮਾਨ' ਧਿਰ ਦੇ ਵਕੀਲ ਨੇ ਅਦਾਲਤ ਵਿੱਚ ਕਿਹਾ ਕਿ ਜਨਮ ਭੂਮੀ ਵੀ 'ਦੇਵ' ਹੈ ਅਤੇ ਮੁਸਲਿਮ ਇਸ 2.77 ਏਕੜ ਜ਼ਮੀਨ 'ਤੇ ਹੱਕ ਨਹੀਂ ਜਤਾ ਸਕਦੇ। ਉਨ੍ਹਾਂ ਦਲੀਲ ਦਿੱਤੀ ਕਿ ਜਾਇਦਾਦ ਦੀ ਕੋਈ ਵੀ ਵੰਡ 'ਬਰਬਾਦੀ' ਲਿਆ ਸਕਦੀ ਹੈ ਤੇ ਇਹ 'ਦੇਵ' ਦਾ ਨਿਰਾਦਰ ਵੀ ਹੋਵੇਗੀ। ਸੁੰਨੀ ਵਕਫ ਬੋਰਡ ਦੇ ਵਕੀਲ ਨੇ ਕਿਹਾ ਕਿ ਜਨਮ ਭੂਮੀ ਨੂੰ ਧਿਰ ਬਣਾਏ ਜਾਣ ਕਾਰਨ ਕਾਨੂੰਨੀ ਅੜਿੱਕੇ ਪੈ ਰਹੇ ਹਨ। ਕੇਸ ਦੀ ਲਗਾਤਾਰ ਸੁਣਵਾਈ ਦਾ ਇਹ 24ਵਾਂ ਦਿਨ ਸੀ। ਮੁਸਲਿਮ ਧਿਰ ਦੇ ਵਕੀਲ ਰਾਜੀਵ ਧਵਨ ਨੇ ਅਦਾਲਤ ਦੇ ਧਿਆਨ ਵਿੱਚ ਲਿਆਂਦਾ ਕਿ ਇਕ ਵਿਅਕਤੀ ਸੋਸ਼ਲ ਮੀਡੀਆ 'ਤੇ ਦਾਅਵਾ ਕਰ ਰਿਹਾ ਹੈ ਕਿ ਉਸ ਨੇ ਅਯੁੱਧਿਆ ਕੇਸ ਸੁਪਰੀਮ ਕੋਰਟ ਦੇ ਅਧਿਕਾਰ ਖੇਤਰ ਵਿੱਚ ਨਾ ਹੋਣ ਬਾਰੇ ਅਦਾਲਤ ਨੂੰ 117 ਪੱਤਰ ਲਿਖੇ ਹਨ, ਜਦ ਕਿ ਅਦਾਲਤ ਨੇ ਕਿਹਾ ਕਿ ਰਜਿਸਟਰੀ ਤੋਂ ਅਜਿਹੇ ਪੱਤਰਾਂ ਬਾਰੇ ਕਈ ਜਾਣਕਾਰੀ ਨਹੀਂ ਮਿਲੀ ਹੈ।

## ਭਾਰਤ ਵਿੱਚ ਆਧਾਰ ਕਾਰਡ ਤੇ ਪੈਨ ਨਾਲ ਜੁੜੇ ਦਸ ਨਿਯਮ ਬਦਲ ਦਿੱਤੇ ਗਏ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਆਧਾਰ ਕਾਰਡ ਤੇ ਇਨਕਮ ਟੈਕਸ ਦੇ ਪੈਨ ਕਾਰਡ ਦੇ ਨਿਯਮ ਬਦਲ ਦਿੱਤੇ ਹਨ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਧਾਰ ਕਾਰਡ ਨਾਲ ਨਕਦ ਪੈਸੇ ਕਢਾਉਣ, ਜਮ੍ਹਾਂ ਕਰਾਉਣ, ਇਨਕਮ ਟੈਕਸ ਰਿਟਰਨ ਭਰਨ ਦੇ ਕਈ ਨਿਯਮ ਬਦਲੇ ਹਨ। ਸਰਕਾਰ ਦਾ ਧਿਆਨ ਕਾਲੇ ਧਨ ਨੂੰ ਰੋਕਣ, ਡਿਜੀਟਲ ਲੈਣ-ਦੇਣ ਨੂੰ ਉਤਸ਼ਾਹਤ ਕਰਨ ਤੇ ਦੇਸ਼ ਵਿਚ ਪਾਰਦਰਸ਼ਤਾ ਲਿਆਉਣ ਵੱਲ ਦੱਸਿਆ ਗਿਆ ਹੈ।




ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਬਜਟ ਵਿਚ ਐਲਾਨ ਕੀਤਾ ਸੀ ਕਿ ਜਿਨ੍ਹਾਂ ਲੋਕਾਂ ਕੋਲ ਪੈਨ ਕਾਰਡ ਨਹੀਂ ਹਨ, ਉਹ ਆਧਾਰ ਕਾਰਡ ਦਾ ਨੰਬਰ ਦੇ ਕੇ ਟੈਕਸ ਰਿਟਰਨ ਫਾਈਲ ਕਰ ਸਕਦੇ ਹਨ। ਜੇ ਕੋਈ 50 ਹਜ਼ਾਰ ਰੁਪਏ ਤੋਂ ਵੱਧ ਨਕਦ ਲੈਣ-ਦੇਣ ਕਰਦਾ ਹੈ ਤਾਂ ਪੈਨ ਨੰਬਰ ਦੀ ਥਾਂ ਆਧਾਰ ਨੰਬਰ ਦੇ ਸਕਦਾ ਹੈ ਅਤੇ ਜੇ 50 ਹਜ਼ਾਰ ਰੁਪਏ ਤੋਂ ਵੱਧ ਬੈਂਕ ਵਿਚ ਜਮ੍ਹਾ ਕਰਾਉਣੇ ਹਨ ਤਾਂ ਕੰਮ ਆਧਾਰ ਨੰਬਰ ਨਾਲ ਹੋ ਜਾਵੇਗਾ। ਇਹੀ ਨਹੀਂ, ਜਿਸ ਨੇ 2 ਲੱਖ ਰੁਪਏ ਤੋਂ ਵੱਧ ਦਾ ਸੋਨਾ ਖਰੀਦਣਾ ਹੈ, ਉਸ ਤੋਂ ਸੁਨਿਆਰੇ ਪੈਨ ਕਾਰਡ ਮੰਗਦੇ ਹਨ। ਲੋਕ ਸੁਨਿਆਰੇ ਨੂੰ ਆਧਾਰ ਨੰਬਰ ਦੇ ਸਕਣਗੇ ਅਤੇ ਫੋਰ ਵ੍ਹੀਲਰ ਵਾਹਨ ਖਰੀਦਣ ਵੇਲੇ ਪੈਨ ਕਾਰਡ ਦੀ ਥਾਂ ਆਧਾਰ ਕਾਰਡ ਵਰਤ ਸਕਣਗੇ।

ਅੱਗੇ ਤੋਂ ਕਰੈਡਿਟ ਕਾਰਡ ਦੀ ਵਰਤੋਂ ਲਈ ਵੀ ਪੈਨ ਕਾਰਡ ਜ਼ਰੂਰੀ ਨਹੀਂ ਹੋਏਗਾ। ਇੱਥੇ ਆਧਾਰ ਨੰਬਰ ਨਾਲ ਵੀ ਕੰਮ ਚਲਾਇਆ ਜਾ ਸਕਦਾ ਹੈ। ਜਦੋਂ ਲੋਕ ਕਿਸੇ ਹੋਟਲ ਵਿਚ ਬਿੱਲ 'ਤੇ 50 ਹਜ਼ਾਰ ਰੁਪਏ ਦੀ ਨਕਦ ਅਦਾਇਗੀ ਕਰਦੇ ਜਾਂ ਵਿਦੇਸ਼ ਯਾਤਰਾ ਵਿਚ ਇੰਨਾ ਖਰਚ ਕਰਦੇ ਹਨ ਤਾਂ ਇੱਥੇ ਅਧਾਰ ਕਾਰਡ ਚੱਲੇਗਾ। ਜੇ ਇਕ ਸਾਲ ਵਿਚ ਇਕ ਬੀਮਾ ਕੰਪਨੀ ਨੂੰ ਪ੍ਰੀਮੀਅਮ ਵਜੋਂ 50 ਹਜ਼ਾਰ ਦਾ ਭੁਗਤਾਨ ਕਰਦੇ ਹਨ ਤਾਂ ਪੈਨ ਦੇ ਬਦਲੇ ਇਕ ਆਧਾਰ ਨੰਬਰ ਦੇ ਸਕਣਗੇ।

# ਬਹੁਤਾ ਬੋਲਣ ਵਾਲੇ ਪਾਕਿ ਰੇਲ ਮੰਤਰੀ ਨੂੰ ਇੱਕ ਬੰਦੇ ਨੇ ਗਲ ਤੋਂ ਜਾ ਫੜਿਆ

### * ਕਹਿਣ ਲੱਗਾ: 'ਸ਼ੇਖ ਸਾਬ੍ਹ, ਮੇਰੇ 22 ਲੱਖ ਮੋੜ'

ਇਸਲਾਮਾਬਾਦ, 17 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਰੇਲ ਮੰਤਰੀ ਆਪਣੀਆਂ ਹਰਕਤਾਂ ਅਤੇ ਭਾਰਤ ਖਿਲਾਫ ਬਿਆਨਾਂ ਕਰਕੇ ਸੋਸ਼ਲ ਮੀਡੀਆ 'ਤੇ ਕਾਫੀ ਟਰੋਲ ਹੋ ਰਹੇ ਹਨ। ਬੀਤੇ ਦਿਨੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਲੈਣ ਵੇਲੇ ਕਰੰਟ ਦਾ ਝਟਕਾ ਖਾਣ ਵਾਲੇ ਪਾਕਿਸਤਾਨ ਦੇ ਰੇਲ ਮੰਤਰੀ ਸ਼ੇਖ ਰਾਸ਼ਿਦ ਅਹਿਮਦ ਦੀ ਬੇਇਜ਼ਤੀ ਦੀ ਨਵੀਂ ਵੀਡੀਓ ਤੇਜ਼ੀ ਨਾਲ ਵਾਇਰਲ ਹੋਈ ਹੈ। ਇਸ ਵਿਚ ਕਾਰ ਦਾ ਪੈਸਾ ਨਾ ਦੇਣ 'ਤੇ ਜਾਪਾਨ ਤੋਂ ਆਇਆ ਇਕ ਪਾਕਿਸਤਾਨੀ ਬੰਦਾ ਪਾਰਲੀਮੈਂਟ ਵਿਚ ਜਾ ਕੇ ਉਨ੍ਹਾਂ ਦੀ ਬੇਇਜ਼ਤੀ ਕਰ ਰਿਹਾ ਤੇ ਅਹਿਮਦ ਤੋਂ ਪੈਸੇ ਮੰਗ ਰਿਹਾ ਹੈ।



ਵਾਇਰਲ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਉਹ ਬੰਦਾ ਪਾਰਲੀਮੈਂਟ ਵਿਚ ਰੇਲ ਮੰਤਰੀ ਦਾ ਕਾਲਰ ਫੜ ਕੇ ਪਾਕਿਸਤਾਨੀ ਭਾਸ਼ਾ ਵਿਚ ਉਸ ਨੂੰ ਝਾੜਦੇ ਹੋਏ ਉਸ ਤੋਂ ਆਪਣੇ ਹੱਕ-ਹਲਾਲ ਦੇ 22 ਲੱਖ ਰੁਪਏ ਮੰਗਦਾ ਹੈ। ਪੈਸੇ ਮੰਗਣ ਵਾਲਾ ਵਿਅਕਤੀ ਕਹਿੰਦਾ ਹੈ ਕਿ ਉਸ ਦੇ ਕਹਿਣ 'ਤੇ ਉਸ ਨੇ ਜਾਪਾਨ ਤੋਂ ਜਹਾਜ਼ ਵਿਚ ਉਸ ਨੂੰ ਕਾਰ ਭਿਜਵਾ ਦਿੱਤੀ, ਪਰ ਉਸ ਨੇ ਅਜੇ ਤੱਕ ਉਸ ਦੇ ਪੈਸੇ ਨਹੀਂ ਦਿੱਤੇ। ਵੀਡੀਓ ਵਿਚ ਪਿੱਛੋਂ ਆਵਾਜ਼ ਆ ਰਹੀ ਹੈ ਕਿ ਪੈਸੇ ਮੰਗਣ ਵਾਲਾ ਵਿਅਕਤੀ ਜਾਪਾਨ ਤੋਂ ਅਹਿਮਦ ਰਾਸ਼ਿਦ ਤੋਂ ਆਪਣੇ ਪੈਸੇ ਲੈਣ ਆਇਆ ਹੈ।

ਰਾਸ਼ਿਦ ਦੀ ਇਸ ਵੀਡੀਓ ਉੱਤੇ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਸੰਬਿਤ ਪਾਤਰਾ ਨੇ ਟਵੀਟ ਕੀਤਾ ਕਿ ਇਹ ਹੈ ਪਾਕਿਸਤਾਨ ਦਾ ਹਾਲ! ਪਾਕਿਸਤਾਨ ਦੇ ਰੇਲ ਮੰਤਰੀ, ਜਿਨ੍ਹਾਂ ਨੂੰ ਕੁਝ ਦਿਨ ਪਹਿਲਾਂ ਕਰੰਟ ਲੱਗਾ ਸੀ, ਨੇ ਆਪਣੀ ਕਾਰ ਦੇ ਪੈਸੇ ਨਹੀਂ ਚੁਕਾਏ। ਜਿਸ ਤੋਂ ਕਾਰ ਲਈ ਸੀ, ਉਹ ਪਾਕਿਸਤਾਨ ਦੀ ਪਾਰਲੀਮੈਂਟ ਵਿਚ ਆ ਕੇ ਮੰਤਰੀ ਨੂੰ ਘੇਰ ਰਿਹਾ ਹੈ। ਵਰਨਣ ਯੋਗ ਹੈ ਕਿ ਕਸ਼ਮੀਰ ਵਿਚੋਂ ਧਾਰਾ 370 ਦੇ ਦੋ ਹਿੱਸੇ ਖਤਮ ਕੀਤੇ ਜਾਣ ਪਿੱਛੋਂ ਪਾਕਿਸਤਾਨ ਭੜਕਦਾ ਪਿਆ ਹੈ।

# ਯੂ ਐੱਨ ਸੰਸਥਾ ਨੇ ਹਾਂਗ ਕਾਂਗ ਦੇ ਮੁਜ਼ਾਹਰਾਕਾਰੀਆਂ ਉੱਤੇ ਪੁਲਸ ਦੇ ਤਸ਼ੱਦਦ ਦੀ ਜਾਂਚ ਲਈ ਕਿਹਾ

ਜਨੇਵਾ, 17 ਸਤੰਬਰ (ਪੋਸਟ ਬਿਊਰੋ)- ਹਾਂਗ ਕਾਂਗ 'ਚ ਬੀਤੀ ਜੂਨ ਤੋਂ ਲੋਕਤੰਤਰ ਹਮਾਇਤੀਆਂ ਦੇ ਵਿਰੋਧ ਮੁਜ਼ਾਹਰੇ 'ਤੇ ਪੁਲਸ ਦੀ ਜ਼ਾਲਮਾਨਾ ਕਾਰਵਾਈ ਦੀ ਜਾਂਚ ਦੀ ਮੰਗ ਉਠਣ ਲੱਗੀ ਹੈ।

ਹਾਂਗ ਕਾਂਗ ਦੀ ਵਿਧਾਇਕਾ ਦੀ ਮੈਂਬਰ ਤਾਨਿਆ ਚਾਨ ਨੇ ਯੂ ਐਨ ਮਨੁੱਖੀ ਅਧਿਕਾਰ ਸੰਸਥਾ ਤੋਂ ਪੁਲਸ ਦੀ ਜ਼ਾਲਮ ਕਾਰਵਾਈ ਦੀ ਜਾਂਚ ਦੀ ਮੰਗ ਕੀਤੀ ਹੈ। ਏਥੇ ਮੁਜ਼ਾਹਰਾਕਾਰੀਆਂ ਨੂੰ ਖਦੇੜਨ ਲਈ ਪੁਲਸ ਕਈ ਵਾਰ ਲਾਠੀਚਾਰਜ ਦੇ ਨਾਲ ਅੱਥਰੂ ਗੈਸ ਦੇ ਗੋਲੇ ਦਾਗ ਚੁੱਕੀ ਹੈ ਤੇ ਰਬੜ ਦੀਆਂ ਗੋਲੀਆਂ ਵਰ੍ਹਾ ਚੁੱਕੀ ਹੈ। ਲੋਕਤੰਤਰ ਹਮਾਇਤੀ ਚਾਨ ਨੇ ਯੂ ਐਨ ਮਨੁੱਖੀ ਅਧਿਕਾਰ ਕੌਂਸਲ ਨੂੰ ਸੰਬੋਧਨ ਕਰਦਿਆਂ ਕਿਹਾ, 'ਹਾਂਗ ਕਾਂਗ ਵਿੱਚ ਅੰਦੋਲਨ ਸ਼ੁਰੂ ਹੋਏ 100 ਦਿਨ ਹੋ ਚੁੱਕੇ ਹਨ, ਪਰ ਅਜਿਹਾ ਕੋਈ ਸੰਕੇਤ ਨਹੀਂ ਦਿਸਿਆ ਕਿ ਪੁਲਸ ਸੰਜਮ ਵਰਤੇਗੀ। ਹਾਂਗ ਕਾਂਗ 'ਚ ਲੋਕਤੰਤਰ



ਦੀ ਕਮੀ ਦਾ ਇਹ ਸਿੱਧਾ ਨਤੀਜਾ ਹੈ। ਪੁਲਸ ਦੀ ਦੁਰਵਰਤੋਂ ਲਈ ਸਰਕਾਰ ਦੀ ਕੋਈ ਜਵਾਬਦੇਹੀ ਨਹੀਂ ਹੈ।' ਉਨ੍ਹਾਂ ਯੂ ਐਨ ਮਨੁੱਖੀ ਅਧਿਕਾਰ ਮੁਖੀ ਮਾਈਕਲ ਬੈਚਲੈਟ ਤੋਂ ਪੁੱਛਿਆ, 'ਹਾਂਗ ਕਾਂਗ ਦੇ ਲੋਕਾਂ ਲਈ ਮਨੁੱਖੀ ਅਧਿਕਾਰ ਤੇ ਨਿਆਂ ਯਕੀਨੀ ਕਰਨ ਲਈ ਕੀ ਉਹ ਕੌਂਸਲ ਦੀ ਤੁਰੰਤ ਬੈਠਕ ਬੁਲਾਉਣ ਤੇ ਜਾਂਚ ਗਠਿਤ ਕਰਨ ਦੀ ਹਮਾਇਤ ਕਰਨਗੇ?'

ਇਸ ਦੌਰਾਨ ਹਾਂਗ ਕਾਂਗ ਦੀ ਪੁਲਸ ਨੇ ਚੀਨ ਹਮਾਇਤੀ ਮੁਜ਼ਾਹਰਾਕਾਰੀਆਂ ਪ੍ਰਤੀ ਨਰਮ ਰੁਖ ਅਤੇ ਲੋਕਤੰਤਰ ਪੱਖੀਆਂ ਉੱਤੇ ਸਖਤੀ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਹੈ। ਪੁਲਸ ਬੁਲਾਰੇ ਨੇ ਕਿਹਾ ਕਿ ਦੋਹਰਾ ਮਾਪਦੰਡ ਨਹੀਂ ਅਪਣਾਇਆ ਜਾ ਰਿਹਾ ਹੈ। ਸਾਲ 1997 'ਚ ਬ੍ਰਿਟੇਨ ਤੋਂ ਚੀਨ ਦੇ ਕੰਟਰੋਲ 'ਚ ਆਏ ਹਾਂਗ ਕਾਂਗ 'ਚ ਬੀਤੇ ਜੂਨ 'ਚ ਵਿਰੋਧ ਪ੍ਰਦਰਸ਼ਨ ਦਾ ਦੌਰ ਚੱਲ ਰਿਹਾ ਹੈ। ਚੀਨ ਨੇ ਲੋਕਤੰਤਰ ਹਮਾਇਤੀ ਤਾਨਿਆ ਚਾਨ ਨੂੰ ਜਨੇਵਾ 'ਚ ਮਨੁੱਖੀ ਅਧਿਕਾਰ ਕੌਂਸਲ ਦੀ ਬੈਠਕ 'ਚ ਬੋਲਣ ਤੋਂ ਰੋਕਣ ਲਈ ਯੂ ਐਨ ਨੂੰ ਪੱਤਰ ਲਿਖ ਕੇ ਚਾਨ ਦਾ ਸੱਦਾ ਰੱਦ ਕਰਨ ਦੀ ਮੰਗ ਕੀਤੀ ਸੀ।

# ਪਾਕਿਸਤਾਨ ਦੇ ਹਿੰਦੂ ਮੰਦਰ ਦੀ ਭੰਨ-ਤੋੜ ਲਈ 218 ਵਿਰੁੱਧ ਕੇਸ ਦਰਜ

ਕਰਾਚੀ, 17 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਿੰਧ ਸੂਬੇ ਵਿੱਚ ਪੁਲਸ ਨੇ ਕੱਲ੍ਹ 218 ਦੰਗਾਕਾਰੀਆਂ ਵਿਰੁੱਧ ਮੰਦਰ ਸਮੇਤ ਜਾਇਦਾਦ ਦਾ ਨੁਕਸਾਨ ਕਰਨ ਬਾਰੇ ਤਿੰਨ ਮਾਮਲੇ ਦਰਜ ਕੀਤੇ ਹਨ।

ਇਸ ਤੋਂ ਪਹਿਲਾਂ ਘੱਟ ਗਿਣਤੀ ਹਿੰਦੂ ਭਾਈਚਾਰੇ ਦੇ ਇੱਕ ਸਕੂਲ ਅਧਿਆਪਕ ਵਿਰੁੱਧ ਧਰਮ ਨਿੰਦਾ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਗਿਆ ਸੀ, ਜਿਸ ਤੋਂ ਬਾਅਦ ਇਹ ਦੰਗਾ ਭੜਕਿਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਘੋਟਕੀ ਜ਼ਿਲ੍ਹੇ ਵਿੱਚ ਸਿੰਧੂ ਪਬਲਿਕ ਸਕੂਲ ਦੇ ਇੱਕ ਵਿਦਿਆਰਥੀ ਦੇ ਪਿਤਾ ਅਬਦੁਲ ਅਜੀਜ਼ ਰਾਜਪੂਤ ਨੇ ਅਧਿਆਪਕ ਵਿਰੁੱਧ ਮਾਮਲਾ ਦਰਜ ਕਰਵਾ ਕੇ ਦਾਅਵਾ ਕੀਤਾ ਕਿ ਅਧਿਆਪਕ ਨੇ ਇਸਲਾਮ ਵਿਰੋਧੀ ਟਿੱਪਣੀ ਕਰ ਕੇ ਧਰਮ ਨਿੰਦਾ ਕੀਤੀ ਹੈ। ਇਸ ਤੋਂ ਬਾਅਦ ਐਤਵਾਰ ਨੂੰ ਵੱਡਾ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਿਆ। ਦੰਗੇ ਪਿੱਛੋਂ ਪ੍ਰਦਰਸ਼ਨਕਾਰੀਆਂ ਨੇ ਪੁਲਸ ਤੋਂ ਅਧਿਆਪਕ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਅਧਿਆਪਕ ਦੀ ਪਛਾਣ ਨੂਤਨ ਮੱਲ ਦੇ ਰੂਪ ਵਿੱਚ ਹੋਈ ਹੈ। ਸਥਾਨਕ ਅਖਬਾਰ ਨੇ ਪੁਲਸ ਅਧਿਕਾਰੀ ਏ ਆਈ ਜੀ ਜ਼ਮੀਲ ਅਹਿਮਦ ਦੇ ਹਵਾਲੇ ਨਾਲ ਦੱਸਿਆ ਕਿ ਘੋਟਕੀ ਪੁਲਸ ਨੇ ਦੰਗਾਕਾਰੀਆਂ ਵਿਰੁੱਧ ਤਿੰਨ ਕੇਸ ਦਰਜ ਕੀਤੇ ਹਨ ਜਿਨ੍ਹਾਂ ਵਿੱਚ ਧਰਮ ਨਿੰਦਾ ਦੀ ਘਟਨਾ ਪਿੱਛੋਂ ਸੜਕਾਂ 'ਤੇ ਪ੍ਰਦਰਸ਼ਨ, ਹਿੰਦੂ ਮੰਦਰ ਵਿੱਚ ਭੰਨ ਤੋੜ, ਧਾਰਮਕ ਸਥਾਨ ਦੇ ਨੁਕਸਾਨ ਲਈ 45 ਲੋਕਾਂ ਵਿਰੁੱਧ ਕੇਸ ਦਰਜ ਕੀਤਾ ਹੈ। ਇੱਕ ਹੋਰ ਮਾਮਲਾ ਸੜਕ ਜਾਮ ਕਰਨ ਲਈ 150 ਲੋਕਾਂ ਵਿਰੁੱਧ ਦਰਜ ਕੀਤਾ ਗਿਆ ਹੈ। ਦੰਗੇ ਅਤੇ ਚੋਰੀ ਲਈ ਤੀਸਰਾ ਮਾਮਲਾ ਦਰਜ ਕੀਤਾ ਗਿਆ ਹੈ।

# ਅਮਰੀਕਾ ਦਾ ਇੱਕ ਰੈਸਟੋਰੈਂਟ, ਜਿੱਥੇ ਲੋਕ ਮਰਜ਼ੀ ਮੁਤਾਬਕ ਦਿੰਦੇ ਹਨ ਪੈਸੇ


ਵਾਸ਼ਿੰਗਟਨ, 17 ਸਤੰਬਰ (ਪੋਸਟ ਬਿਊਰੋ)- ਅਮਰੀਕਾ ਦੇ ਸੂਬੇ ਅਲਬਾਮਾ ਵਿਚ ਇਕ ਅਨੋਖਾ ਰੈਸਟੋਰੈਂਟ ਹੈ, ਜਿੱਥੇ ਤਾਜ਼ੇ ਭੋਜਨ ਲਈ ਲੋਕਾਂ ਦੀ ਲਾਈਨ ਲੱਗੀ ਰਹਿੰਦੀ ਹੈ। ਇਸ ਰੈਸਟੋਰੈਂਟ ਦੀ ਖਾਸ ਗੱਲ ਇਹ ਹੈ ਕਿ ਇੱਥੇ ਮਿਲਦੇ ਭੋਜਨ ਦੀ ਕੀਮਤ ਤੈਅ ਨਹੀਂ ਹੈ। ਜਿਸ ਕੋਲ ਜਿੰਨੇ ਪੈਸੇ ਹੋਣ, ਉਹ ਉਨੇ ਹੀ ਦੇ ਕੇ ਖਾਣਾ ਖਾ ਸਕਦਾ ਹੈ। ਜਿਹੜੇ ਲੋਕ ਬਿਲਕੁਲ ਪੈਸੇ ਨਹੀਂ ਦੇ ਸਕਦੇ, ਉਹ ਰੈਸਟੋਰੈਂਟ ਵਿਚ ਖਾਣਾ ਖਾਣ ਬਦਲੇ ਦੂਜੇ ਲੋਕਾਂ ਨੂੰ ਖਾਣਾ ਸਰਵ ਕਰਦੇ ਹਨ।

ਭੁੱਖੇ ਲੋਕ ਰੋਜ਼ ਦੁਪਹਿਰ ਦੇ ਭੋਜਨ ਲਈ 'ਡ੍ਰੈਕਸੇਲ ਐਂਡ ਹਨੀਬੀ' ਦੇ ਰੈਸਟੋਰੈਂਟ ਦੇ ਬਾਹਰ ਲਾਈਨ ਲਾ ਕੇ ਖੜ੍ਹੇ ਹੋ ਜਾਂਦੇ ਹਨ। ਕੁਝ ਲੋਕ 3 ਜਾਂ 5 ਡਾਲਰ ਦਾਨ ਪੇਟੀ ਵਿਚ ਪਾ ਜਾਂਦੇ ਹਨ। ਕਦੇ-ਕਦੇ ਮਾਲਕ ਇਹ ਦੇਖ ਕੇ ਹੈਰਾਨ ਰਹਿ ਜਾਂਦੇ ਹਨ ਕਿ ਕੁਝ ਲੋਕ 500 ਡਾਲਰ ਜਾਂ 1,000 ਡਾਲਰ ਦਾ ਚੈੱਕ ਪਾ ਜਾਂਦੇ ਹਨ। ਲੋਕ ਅਕਸਰ ਦਰਵਾਜੇ ਉੱਤੇ ਘਰ ਵਿਚ ਬਣਾਈਆਂ ਚੀਜ਼ਾਂ ਨੂੰ ਛੱਡ ਕੇ ਚਲੇ ਜਾਂਦੇ ਹਨ।

ਰੈਸਟੋਰੈਂਟ ਦੀ 66 ਸਾਲਾ ਮਾਲਕਣ ਲਿਸਾ ਥਾਮਸ ਮੈਕਮਿਲਨ ਦੇ ਮੁਤਾਬਕ ਮੀਨੂੰ ਵਿਚ ਕਿਸੇ ਖਾਣੇ ਦੀ ਕੀਮਤ ਨਹੀਂ ਲਿਖੀ ਜਾਂਦੀ। ਉਨ੍ਹਾਂ ਦੇ ਪਤੀ ਤੇ ਰੈਸਟੋਰੈਂਟ ਦੇ ਸਹਿ-ਮਾਲਕ ਫ੍ਰੇਡੀ ਮੈਕਮਿਲਨ ਨੇ ਮਾਰਚ 2018 ਤੋਂ ਆਪਣਾ ਇਹ ਚੈਰਿਟੀ ਰੈਸਟੋਰੈਂਟ ਸ਼ੁਰੂ ਕੀਤਾ ਸੀ, ਜਿੱਥੇ ਆਦਰਸ਼ ਲੋਗੋ 'ਵੁਈ ਫੀਡ ਦੀ ਨੀਡ' ਹੈ। ਉਨ੍ਹਾਂ ਨੇ ਦੱਸਿਆ ਕਿ ਜਿਹੜੇ ਲੋਕ ਖਾਣੇ ਦਾ ਭੁਗਤਾਨ ਕਰਦੇ ਹਨ, ਉਹ ਇਕ ਡਿਵਾਈਡਰ ਦੇ ਪਿੱਛੇ ਪਏ ਬਕਸੇ ਵਿਚ ਗੁਪਤ ਢੰਗ ਨਾਲ ਪੈਸੇ ਪਾ ਜਾਂਦੇ ਹਨ।

ਵੈਟਰੈਸ ਦੇ ਰੂਪ ਵਿਚ ਜ਼ਿੰਦਗੀ ਬਿਤਾ ਚੁੱਕੀ ਲਿਸਾ ਨੇ ਦੱਸਿਆ ਕਿ ਮੈਨੂੰ ਪਤਾ ਲੱਗਾ ਹੈ ਕਿ ਬਹੁਤ ਸਾਰੇ ਬਜ਼ੁਰਗ ਭੁੱਖ ਨਾਲ ਮਰ ਰਹੇ ਹਨ, ਕਿਉਂਕਿ ਉਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਨਾ ਆਪਣੀ ਦਵਾਈ ਦਾ ਭੁਗਤਾਨ ਕਰ ਸਕਦੇ ਹਨ ਤੇ ਨਾ ਭੋਜਨ ਖਰੀਦ ਸਕਦੇ ਹਨ। ਭਾਈਚਾਰੇ ਦੇ ਲੋਕ ਅਤੇ ਕਾਰੋਬਾਰੀ ਭੋਜਨ, ਧਨ ਅਤੇ ਪ੍ਰੋਡਕਟ ਦਾਨ ਕਰ ਕੇ ਰੈਸਟੋਰੈਂਟ ਨੂੰ ਚਲਾਉਣ ਵਿਚ ਮਦਦ ਕਰਦੇ ਹਨ। ਪਿੱਛੇ ਜਿਹੇ ਰੈਸਟੋਰੈਂਟ ਨੂੰ ਰੋਜ਼ 2 ਤੋਂ 3 ਦਾਨ ਮੇਲ ਰਾਹੀਂ ਮਿਲ ਰਹੇ ਹਨ, ਜਿਸ ਵਿਚ ਆਮ ਤੌਰ ਉੱਤੇ ਲੋਕ 10 ਡਾਲਰ ਤੱਕ ਦਾਨ ਦਿੰਦੇ ਹਨ। ਲਿਸਾ ਤੇ ਉਸ ਦੇ ਪਤੀ ਨੇ ਦੱਸਿਆ ਕਿ ਸਾਲ 2016 ਦੇ ਨੇੜੇ ਉਹ ਸਥਾਨਕ ਭਾਈਚਾਰਕ ਕਾਲਜ ਵਿਚ ਦੁਪਹਿਰ ਦਾ ਭੋਜਨ ਸਰਵ ਕਰ ਰਹੇ ਸਨ। ਇਹ ਮੁਫਤ ਦਾ ਖਾਣਾ ਉਨ੍ਹਾਂ ਵਿਦਿਆਰਥੀਆਂ ਲਈ ਸੀ, ਜਿਹੜੇ ਖਾਣੇ ਦੇ ਪੈਸੇ ਨਹੀਂ ਦੇ ਸਕਦੇ ਸਨ। ਇਕ ਦਿਨ 3 ਬਜ਼ੁਰਗ ਅੰਦਰ ਆਏ ਤੇ ਉਨ੍ਹਾਂ ਨੇ ਆਪਣੇ ਪੂਰੇ ਪਰਸ ਨੂੰ ਫੋਲਿਆ। ਉਹ ਭੁੱਖੇ ਸਨ ਪਰ ਖਾਣੇ ਲਈ ਉਨ੍ਹਾਂ ਕੋਲ ਪੂਰੇ ਪੈਸੇ ਨਹੀਂ ਸਨ। ਲਿਸਾ ਨੇ ਕਿਹਾ ਕਿ ਮੈਂ ਉਹ ਪੈਸੇ ਨਹੀਂ ਲੈ ਸਕਦੀ ਸੀ, ਕਿਉਂਕਿ ਮੈਨੂੰ ਪਤਾ ਸੀ ਕਿ ਇਹ ਉਨ੍ਹਾਂ ਕੋਲ ਆਖਰੀ ਪੈਸੇ ਹੋਣਗੇ। ਇਸ ਲਈ ਲਿਸਾ ਨੇ ਬਜ਼ੁਰਗਾਂ ਨੂੰ ਪੁੱਛਿਆ, ਕੀ ਉਹ ਸਾਡੀ ਮਦਦ ਕਰ ਸਕਦੇ ਹਨ। ਸਾਨੂੰ ਘੱਟੋ-ਘੱਟ 10 ਲੋਕ ਮੁਫਤ ਭੋਜਨ ਖਾਣ ਵਾਲੇ ਚਾਹੀਦੇ ਹਨ। ਇਸ ਨਾਲ ਇਹ ਕਹਾਣੀ ਸ਼ੁਰੂ ਹੋਈ ਤੇ ਬਜ਼ੁਰਗ ਲੋਕਾਂ ਨੇ ਭੋਜਨ ਸਵੀਕਾਰ ਕੀਤਾ। ਇੱਥੋਂ ਥਾਮਸ ਮੈਕਮਿਲਨ ਨੂੰ ਰੈਸਟੋਰੈਂਟ ਖੋਲ੍ਹਣ ਦੀ ਪ੍ਰੇਰਨਾ ਮਿਲੀ। ਇਸ ਰੈਸਟੋਰੈਂਟ ਦੀ ਸਥਾਨਕ ਲੋਕ ਕਾਫੀ ਤਾਰੀਫ ਕਰ ਰਹੇ ਹਨ।

# ਗੈਰ-ਗੋਰੇ ਭਾਈਚਾਰੇ ਦਾ ਸੰਘਰਸ਼ 'ਗੋਰਿਆਂ ਲਈ ਸਮਝਣਾ ਔਖਾ: ਬਿਡੇਨ



ਬਰਮਿੰਘਮ, 17 ਸਤੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੇਟ ਉਮੀਦਵਾਰ ਜੋਅ ਬਿਡੇਨ ਨੇ ਗੈਰ-ਗੋਰੇ ਅਮਰੀਕੀਆਂ ਦੇ ਮਨੁੱਖੀ ਹੱਕਾਂ ਲਈ ਚੱਲੇ ਅੰਦੋਲਨ ਦੌਰਾਨ ਬੰਬ ਧਮਾਕਿਆਂ ਦਾ ਸ਼ਿਕਾਰ ਬਣਾਏ ਗਏ ਚਰਚ ਦਾ ਕੱਲ੍ਹ ਦੌਰਾ ਕੀਤਾ ਅਤੇ ਇਸ ਮੌਕੇ ਕਿਹਾ ਕਿ ਮੌਜੂਦਾ ਨਸਲੀ ਤਣਾਅ ਲਗਾਤਾਰ ਜਾਰੀ ਸੰਘਰਸ਼ ਦਾ ਹਿੱਸਾ ਹੈ ਤੇ ਇਹ ਮੁਲਕ ਦੀ ਹੋਂਦ ਤੋਂ ਵੀ ਪਹਿਲਾਂ ਦਾ ਹੈ।

ਜੋਅ ਬਿਡੇਨ ਨੇ ਕਿਹਾ ਕਿ ਸਦੀਆਂ ਤੋਂ ਹਿੰਸਾ, ਭੈਅ, ਤਣਾਅ ਗੈਰ-ਗੋਰੇ ਲੋਕਾਂ ਉਤੇ ਥੋਪਿਆ ਗਿਆ ਹੈ। ਉਸ ਨੇ ਇਹ ਵਿਚਾਰ 16ਵੇਂ ਸਟ੍ਰੀਟ ਬੈਪਟਿਸਟ ਚਰਚ 'ਚ ਇਕੱਤਰਤਾ ਮੌਕੇ ਪ੍ਰਗਟਾਏ। ਇਸ ਚਰਚ ਉਤੇ ਹਮਲਾ 1963 ਵਿੱਚ ਕੀਤਾ ਗਿਆ ਸੀ ਤੇ ਚਾਰ ਲੜਕੀਆਂ ਦੀ ਮੌਤ ਹੋ ਗਈ ਸੀ। ਬਿਡੇਨ ਬਜ਼ੁਰਗ ਗੈਰ-ਗੋਰੇ ਵੋਟਰਾਂ ਨੂੰ ਆਪਣੇ ਹੱਕ ਵਿੱਚ ਕਰਨਾ ਚਾਹੁੰਦੇ ਹਨ, ਪਰ ਕੁਝ ਅਫਰੀਕੀ ਅਮਰੀਕੀ ਅਤੇ ਗੈਰ ਗੋਰੇ ਨੌਜਵਾਨ ਆਗੂ ਉਨ੍ਹਾਂ ਦਾ ਵਿਰੋਧ ਵੀ ਕਰ ਰਹੇ ਹਨ। ਉਨ੍ਹਾਂ ਨੂੰ ਇਕ ਗੋਰੇ ਆਗੂ ਵਜੋਂ ਬਿਡੇਨ (76) ਦੇ ਇਰਾਦਿਆਂ ਉਤੇ ਸ਼ੱਕ ਹੈ ਕਿ ਉਹ ਦੇਸ਼ ਵਿਚਲੀ ਢਾਂਚਾਗਤ ਨਸਲੀ ਨਫਰਤ ਨਾਲ ਨਜਿੱਠਣ ਦੇ ਚਾਹਵਾਨ ਤੇ ਸਮਰੱਥ ਹਨ ਕਿ ਨਹੀਂ। 20 ਮਿੰਟ ਦੇ ਭਾਸ਼ਨ ਵਿੱਚ ਬਿਡੇਨ ਨੇ ਸੰਸਥਾਗਤ ਨਸਲੀ ਨਫਰਤ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਦੇਸ਼ ਕਦੇ ਵੀ ਸਮਾਨਤਾ ਦੇ ਆਦਰਸ਼ਾਂ ਲਈ 'ਆਸ ਮੁਤਾਬਕ' ਨਹੀਂ ਲੜਿਆ। ਇਸ ਦੇ ਨਾਲ ਉਨ੍ਹਾਂ ਆਪਣੇ ਵਿਰੋਧੀਆਂ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ 'ਜਿਹੜੇ ਗੋਰੇ ਹਨ, ਕੋਸ਼ਿਸ਼ ਕਰਨ ਪਰ ਅਸੀਂ ਫਿਰ ਵੀ ਸ਼ਾਇਦ ਕਦੇ ਪੂਰੀ ਤਰ੍ਹਾਂ ਨਹੀਂ ਸਮਝ ਸਕਾਂਗੇ।'

# ਥਾਈ ਮੰਦਰ ਤੋਂ ਛੁਡਵਾਏ ਗਏ ਦਰਜਨਾਂ ਸ਼ੇਰਾਂ ਦੀ ਮੌਤ

ਬੈਂਕਾਕ, 17 ਸਤੰਬਰ (ਪੋਸਟ ਬਿਊਰੋ)- ਥਾਈਲੈਂਡ ਵਿੱਚ ਇੱਕ ਵਿਵਾਦ ਪੂਰਨ ਮੰਦਰ ਤੋਂ ਛੁਡਵਾਏ ਗਏ 147 ਸ਼ੇਰਾਂ ਵਿੱਚੋਂ ਅੱਧੇ ਤੋਂ ਵੱਧ ਦੀ ਮੌਤ ਹੋ ਗਈ ਅਤੇ ਇਸ ਦੇ ਲਈ ਜਣੇਪੇ ਨਾਲ ਜੁੜੇ ਵੰਸ਼ਜ਼ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ, ਜਿਸ ਦੀ ਜਾਂਚ ਕਰਵਾਈ ਜਾ ਰਹੀ ਹੈ। ਨੈਸ਼ਨਲ ਪਾਰਕ, ਜੰਗਲੀ ਜੀਵ ਅਤੇ ਵਾਤਾਵਰਣ ਸੁਰੱਖਿਆ ਵਿਭਾਗ ਦੇ ਮੁਤਾਬਕ ਪੱਛਮੀ ਸੂਬੇ ਕਾਂਚਨਬਰੀ ਦਾ 'ਵਾਤ ਫਾ ਲੁਆਂਗ ਤਾ ਬੁਆ' ਮੰਦਰ ਆਪਣੇ ਦਰਜਨਾਂ ਸ਼ੇਰਾਂ ਸਾਹ-ਮਣੇ ਤਸਵੀਰਾਂ ਖਿਚਵਾਉਣ ਲਈ ਸਾਲਾਂ ਤੱਕ ਆਪਣੇ ਵਲ ਖਿੱਚਦਾ ਰਿਹਾ ਹੈ, ਭਾਵੇਂ ਇਸ ਲਈ ਸੈਲਾਨੀਆਂ ਨੂੰ ਪੈਸਾ ਦੇਣਾ ਪੈਂਦਾ ਸੀ। ਪਾਰਕ ਅਧਿਕਾਰੀਆਂ ਨੇ ਮਾੜੇ ਪ੍ਰਬੰਧਾਂ ਦੇ ਦੋਸ਼ਾਂ ਕਾਰਨ 2016 ਵਿੱਚ ਸ਼ੇਰਾਂ ਨੂੰ ਹਟਾਉਣ ਦੀ ਲੰਬੀ ਕਾਰਵਾਈ ਸ਼ੁਰੂ ਕੀਤੀ ਸੀ। ਉਥੇ ਇਹ ਦੋਸ਼ ਲਾਏ ਗਏ ਕਿ ਸ਼ੇਰਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਸ਼ੇਰਾਂ ਦੇ ਦਰਜਨਾਂ ਮ੍ਰਿਤਕ ਬੱਚਿਆਂ ਦੀਆਂ ਲਾਸ਼ਾਂ ਫਰੀਜ਼ਰ ਵਿੱਚ ਪਾਈਆਂ ਗਈਆਂ ਸਨ, ਜਿਸ ਨੇ ਇਨ੍ਹਾਂ ਦਾਅਵਿਆਂ ਨੂੰ ਮਜ਼ਬੂਤੀ ਦਿੱਤੀ ਕਿ ਉਨ੍ਹਾਂ ਦੇ ਪਿੰਜਰ ਮੰਦਰ ਵੱਲੋਂ ਵੇਚੇ ਜਾਂਦੇ ਸਨ। ਸ਼ੇਰਾਂ ਦੇ ਅੰਗਾਂ ਬਦਲੇ ਚੀਨ ਅਤੇ ਵੀਅਤਨਾਮ ਵਿੱਚ ਮੋਟੀ ਰਕਮ ਮਿਲਦੀ ਹੈ, ਜਿੱਥੇ ਇਹ ਮਾਨਤਾ ਹੈ ਕਿ ਉਸ ਦੇ ਮੈਡੀਕਲ ਲਾਭ ਹਨ। ਪਾਰਕ ਦੇ ਇੱਕ ਅਧਿਕਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਿਊਂਦੇ ਬਚੇ ਸ਼ੇਰਾਂ ਨੂੰ ਨੇੜਲੇ ਰਚਾਬਰੀ ਸੂਬੇ ਵਿੱਚ ਦੋ ਜਣੇਪਾ ਕੇਂਦਰ 'ਤੇ ਲਿਜਾਇਆ ਗਿਆ ਸੀ। ਉਨ੍ਹਾਂ ਨੇ ਕਿਹਾ, ਇਸ ਨੂੰ ਜਣੇਪੇ ਨਾਲ ਜੋੜ ਕੇ ਦੇਖਿਆ ਜਾ ਸਕਦਾ ਹੈ। ਉਨ੍ਹਾਂ ਕਿਹਾ, ਉਨ੍ਹਾਂ ਵਿੱਚ ਜੀਨ ਸਮੱਸਿਆਵਾਂ ਹਨ, ਜਿਨ੍ਹਾਂ ਨੇ ਉਨ੍ਹਾਂ ਦੇ ਸਰੀਰ ਅਤੇ ਰੋਗ ਸਮਰੱਥਾ ਪ੍ਰਣਾਲੀ ਲਈ ਖਤਰਾ ਪੈਦਾ ਕੀਤਾ। ਕਈਆਂ ਦੀ ਜੀਭ ਆਕੜ ਗਈ, ਸਾਹ ਲੈਣ ਵਿੱਚ ਮੁਸ਼ਕਲ ਹੋਈ ਅਤੇ ਭੁੱਖ ਨਾ ਲੱਗਣ ਕਾਰਨ ਉਨ੍ਹਾਂ ਦੀ ਮੌਤ ਹੋਈ।

# ਬਰਮਿੰਘਮ 'ਚ ਭਾਰਤੀ ਮੂਲ ਦੀ ਬਜ਼ੁਰਗ ਔਰਤ ਨਾਲ ਪਾਕਿਸਤਾਨੀ ਵਲੋਂ ਬਦਸਲੂਕੀ

ਲੰਡਨ, 17 ਸਤੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਸ਼ਹਿਰ ਬਰਮਿੰਘਮ 'ਚ ਇਕ ਪਾਕਿਸਤਾਨੀ ਵਿਅਕਤੀ ਵਲੋਂ ਭਾਰਤੀ ਬਜ਼ੁਰਗ ਔਰਤ ਨਾਲ ਬਕਸਲੂਕੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਮਿਲੀ ਜਾਣਕਾਰੀ ਮੁਤਾਬਕ ਪਾਕਿਸਤਾਨੀ ਵਿਅਕਤੀ ਭਾਰਤ ਸਰਕਾਰ ਦੇ ਕਸ਼ਮੀਰ ਫੈਸਲੇ ਬਾਰੇ ਸ਼ਰ੍ਹੇਆਮ ਨਫਰਤ ਫੈਲਾਉਂਦਾ ਨਜ਼ਰ ਆਉਂਦਾ ਹੈ। ਉਕਤ ਵਿਅਕਤੀ ਭਾਰਤੀ ਬਜ਼ੁਰਗ ਔਰਤ ਨੂੰ ਕਹਿੰਦਾ ਹੈ ਕਿ ਉਨ੍ਹਾਂ ਨੂੰ ਬਰਮਿੰਘਮ ਵਿਚ ਰਹਿਣ ਦੀ ਆਗਿਆ ਨਹੀਂ ਹੋਣੀ ਚਾਹੀਦੀ। ਇਸ 'ਤੇ ਭਾਰਤੀ ਔਰਤ ਵੀ ਪਾਕਿਸਤਾਨੀ ਸ਼ਖਸ ਦਾ ਪੁਰਜ਼ੋਰ ਵਿਰੋਧ ਕਰਦੀ ਹੈ। ਪਾਕਿਸਤਾਨੀ ਨੌਜਵਾਨ ਕਹਿੰਦਾ ਹੈ, "ਅਸੀ ਕਦੇ ਵੀ ਤੁਹਾਨੂੰ ਇਥੇ ਰਹਿਣ ਦੀ ਆਗਿਆ ਨਹੀਂ ਦੇਵਾਂਗੇ।" ਇਸ ਉੱਤੇ ਭਾਰਤੀ ਔਰਤ ਪੁੱਛਦੀ ਹੈ ਕਿ ਤੁਸੀਂ ਅਜਿਹਾ ਕਿਉਂ ਕਰੋਗੇ? ਇਸ 'ਤੇ ਨੌਜਵਾਨ ਖੁਦ ਤੋਂ ਦੂਰੀ ਬਣਾਈ ਰੱਖਣ ਦੀ ਗੱਲ ਵਾਰ-ਵਾਰ ਦੁਹਰਾਉਂਦਾ ਹੈ। ਵੀਡੀਓ ਵਿਚ ਸਾਫ ਹੈ ਕਿ ਉਹ ਭਾਰਤ ਸਰਕਾਰ ਦੇ ਜੰਮੂ-ਕਸ਼ਮੀਰ 'ਚ ਧਾਰਾ 370 ਅਤੇ ਉਸ ਦਾ ਵਿਸ਼ੇਸ਼ ਦਰਜਾ ਖਤਮ ਕਰਨ ਤੋਂ ਨਾਰਾਜ਼ ਹੈ। ਉਹ ਵਿਅਕਤੀ ਆਪਣੇ ਆਖਰੀ ਦਮ ਤੱਕ ਭਾਰਤ ਵਿਰੁੱਧ ਲੜਾਈ ਲੜਨ ਦੀ ਗੱਲ ਕਰਦਾ, ਉਹ ਕਹਿਦਾ ਹੈ ਕਿ ਸਾਡੇ ਲੋਕ ਤੁਹਾਡੇ ਵਿਰੁੱਧ ਲੜਨਗੇ। ਉਹ ਵਾਰ-ਵਾਰ ਕਹਿੰਦਾ ਹੈ ਕਿ ਤੁਸੀਂ ਇਥੇ ਨਹੀਂ ਰਹਿ ਸਕਦੇ। ਤੁਹਾਨੂੰ ਭਾਰਤ ਵਾਪਸ ਜਾਣਾ ਹੋਵੇਗਾ।

# ਜ਼ਾਕਿਰ ਦੀ ਜ਼ੁਬਾਨ ਅਸੀਂ ਬੰਦ ਕੀਤੀ, ਮੋਦੀ ਨੇ ਸਪੁਰਦਗੀ ਨਹੀਂ ਮੰਗੀ : ਮਹਾਤਿਰ

ਕੁਆਲਾਲੰਪੁਰ, 17 ਸਤੰਬਰ (ਪੋਸਟ ਬਿਊਰੋ)- ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨੇ ਆਪਣੇ ਬਿਆਨ ਤੋਂ ਪਲਟਦੇ ਹੋਏ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਤੋਂ ਇਸਲਾਮੀ ਪ੍ਰਚਾਰਕ ਜ਼ਾਕਿਰ ਨਾਇਕ ਦੀ ਮੰਗ ਨਹੀਂ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਇਹ ਆਦਮੀ ਭਾਰਤ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।



ਬੀਤੇ ਦਿਨੀਂ ਰੂਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਲੇਸ਼ੀਅਨ ਪ੍ਰਧਾਨ ਮੰਤਰੀ ਮਹਾਤਿਰ ਮੁਹੰਮਦ ਨਾਲ ਮੁਲਾਕਾਤ ਹੋਈ ਸੀ। ਇਸ ਤੋਂ ਬਾਅਦ ਵਿਦੇਸ਼ ਸਕੱਤਰ ਵਿਜੈ ਗੋਖਲੇ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਲੇਸ਼ੀਆਈ ਪ੍ਰਧਾਨ ਮੰਤਰੀ ਨਾਲ ਦੁਵੱਲੀ ਵਾਰਤਾ ਵੇਲੇ ਭਾਰਤ ਤੋਂ ਭੱਜੇ ਹੋਏ ਜ਼ਾਕਿਰ ਨਾਇਕ ਦੀ ਹਵਾਲਗੀ ਦਾ ਮੁੱਦਾ ਉਠਾਇਆ ਤਾਂ ਇਸ 'ਤੇ ਸਹਿਮਤੀ ਬਣੀ ਕਿ ਦੋਵੇਂ ਧਿਰਾਂ ਦੇ ਅਧਿਕਾਰੀ ਇਸ ਬਾਰੇ ਸੰਪਰਕ ਵਿੱਚ ਰਹਿਣਗੇ, ਪਰ ਪਿੱਛੋਂ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨੇ ਇਸ ਤੋਂ ਉਲਟ ਬਿਆਨ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਜਦੋਂ ਉਨ੍ਹਾਂ ਨਾਲ ਮੁਲਾਕਾਤ ਹੋਈ, ਉਨ੍ਹਾਂ ਨੇ ਨਾਇਕ ਦੀ ਮੰਗ ਹੀ ਉਨ੍ਹਾਂ ਤੋਂ ਨਹੀਂ ਕੀਤੀ।

ਮਲੇਸ਼ੀਆ ਦੇ ਮੀਡੀਆ ਮੁਤਾਬਕ ਮਹਾਤਿਰ ਮੁਹੰਮਦ ਤੋਂ ਜਦੋਂ ਪੁੱਛਿਆ ਗਿਆ ਕਿ ਕੀ ਜ਼ਾਕਿਰ ਨਾਇਕ ਨੂੰ ਭਾਰਤ ਦੇ ਹਵਾਲੇ ਕਰਨ ਦਾ ਪ੍ਰਸਤਾਵ ਹੈ, ਉਨ੍ਹਾਂ ਕਿਹਾ, 'ਅਜਿਹੇ ਬਹੁਤ ਸਾਰੇ ਦੇਸ਼ ਨਹੀਂ, ਜੋ ਉਨ੍ਹਾਂ ਨੂੰ ਚਾਹੁੰਦੇ ਹਨ। ਮੈਂ ਪ੍ਰਧਾਨ ਮੰਤਰੀ ਮੋਦੀ ਨੂੰ ਮਿਲਿਆ ਸੀ, ਪਰ ਉਨ੍ਹਾਂ ਨੇ ਮੇਰੇ ਤੋਂ ਉਸ ਦੀ ਮੰਗ ਨਹੀਂ ਕੀਤੀ।' ਇਸ ਦੌਰਾਨ ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਸ਼ਖ਼ਸ ਭਾਰਤ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ।

ਜ਼ਾਕਿਰ ਨਾਇਕ ਪਿਛਲੇ ਤਿੰਨ ਸਾਲ ਤੋਂ ਮਲੇਸ਼ੀਆ 'ਚ ਰਹਿ ਰਿਹਾ ਹੈ। ਉਸ ਨੂੰ ਇੱਥੇ ਪੱਕੇ ਵਾਸੀ ਦਾ ਦਰਜਾ ਵੀ ਮਿਲ ਚੁੱਕਾ ਹੈ, ਪਰ ਪਿਛਲੇ ਦਿਨੀਂ ਉਸ ਨੇ ਦੇਸ਼ ਦੇ ਘੱਟ ਗਿਣਤੀ ਭਾਈਚਾਰੇ ਬਾਰੇ ਜੋ ਟਿੱਪਣੀ ਕੀਤੀ, ਉਸ ਬਾਰੇ ਉਸ ਦੇ ਖ਼ਿਲਾਫ਼ ਨਾਰਾਜ਼ਗੀ ਸਿਖ਼ਰ ਉਤੇ ਹੈ। ਮਲੇਸ਼ੀਆ ਦੇ ਕਈ ਰਾਜਾਂ ਨੇ ਉਸ ਦੇ ਭਾਸ਼ਣ 'ਤੇ ਪਾਬੰਦੀ ਲਾ ਦਿੱਤੀ ਹੈ। ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨੇ ਵੀ ਕਿਹਾ ਹੈ ਕਿ ਜ਼ਾਕਿਰ ਨਾਇਕ ਨੂੰ ਇੱਥੇ ਬੋਲਣ ਦੀ ਇਜਾਜ਼ਤ ਨਹੀਂ।


FIRST CHOICE FINANCIAL LIMITED
TRUCK LOANS

ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



MICHELIN | Hankook | Continental | ROADLUX | BFGoodrich | AEOLUS | COMPASAL

BEST TRUCK REPAIR & TIRE CENTRE



We also Specialize in Engine, AC, Transmission, Differential Rebuild, Safety Inspection & All Kinds of Electric Work

ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Chevron Delo

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
Spring Sale

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

# ਟੋਰਾਂਟੋ ਏਅਰਪੋਰਟ ਟੈਕਸੀ ਐਂਡ ਲਿਮੋਜ਼ੀਨ ਐਸੋਸੀਏਸ਼ਨ ਨੇ ਸਲਾਨਾ ਟੂਰਨਾਮੈਂਟ ਕਰਾਇਆ

ਬਰੈਂਪਟਨ, (ਡਾ. ਝੰਡ) -ਲੰਘੇ ਸ਼ਨੀਵਾਰ 14 ਸਤੰਬਰ ਨੂੰ ਟੋਰਾਂਟੋ ਏਅਰਪੋਰਟ ਟੈਕਸੀ ਐਂਡ ਲਿਮੋਜ਼ੀਮ ਐਸੋਸੀਏਸ਼ਨ ਵੱਲੋਂ ਆਪਣਾ ਸਲਾਨਾ ਟੂਰਨਾਮੈਂਟ ਪਾਲ ਕੌਫ਼ੇ ਪਾਰਕ ਦੀਆਂ ਗਰਾਊਂਡਾਂ ਵਿਚ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਮੌਕੇ 5-8 ਕਿਲੋਮੀਟਰ ਦੌੜ ਤੇ ਵਾੱਕ, ਸੌਕਰ ਤੇ ਵਾਲੀਬਾਲ ਦੇ ਦਿਲਚਸਪ ਮੈਚ, ਗੋਲਾ ਸੁੱਟਣ ਦੇ ਮੁਕਾਬਲੇ ਅਤੇ ਬੱਚਿਆਂ ਤੇ ਬਜ਼ੁਰਗਾਂ ਦੀਆਂ ਦੌੜਾਂ ਆਯੋਜਿਤ ਕੀਤੀਆਂ ਗਈਆਂ। ਇਸ ਦੇ ਨਾਲ ਹੀ ਆਏ ਮੈਂਬਰਾਂ ਤੇ ਮਹਿਮਾਨਾਂ ਦੇ ਮਨੋਰੰਜਨ ਲਈ ਬਾਅਦ ਦੁਪਹਿਰ ਗੀਤ-ਸੰਗੀਤ ਦਾ ਪ੍ਰੋਗਰਾਮ ਵੀ ਖ਼ੂਬ ਚੱਲਿਆ। ਇਸ ਦੌਰਾਨ ਖਾਣ-ਪੀਣ ਦਾ ਸਿਲਸਿਲਾ ਸਾਰਾ ਦਿਨ ਚੱਲਦਾ ਰਿਹਾ।





ਐਸੋਸੀਏਸ਼ਨ ਦੇ ਮੈਂਬਰ ਸਵੇਰੇ 10.00 ਵਜੇ ਡੈਰੀ ਰੋਡ ਅਤੇ ਗੋਰਵੇਅ ਨੇੜਲੇ ਪਾਲ ਕੌਫ਼ੇ ਪਾਰਕ ਨੰਬਰ 1 ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਜਿੱਥੇ ਗਰਮਾ-ਗਰਮ ਚਾਹ, ਪਕੌੜੇ, ਵੇਸਣ ਦੀ ਬਰਫ਼ੀ ਤੇ ਬਦਾਨਾ-ਸੇਵੀਆਂ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਚਾਹ-ਪਾਣੀ ਛਕਣ ਤੋਂ ਬਾਅਦ ਸਾਰੇ ਮੈਂਬਰ ਗਰਾਊਂਡਾਂ ਵੱਲ ਚੱਲ ਪਏ ਜਿੱਥੇ 5-8 ਕਿਲੋਮੀਟਰ ਦੌੜ ਅਤੇ ਵਾੱਕ ਸ਼ੁਰੂ ਹੋਣ ਵਾਲੀ ਸੀ। ਇਨ੍ਹਾਂ ਵਿਚ ਟੀ.ਪੀ.ਏ.ਆਰ. ਕਲੱਬ ਦੇ ਕਈ ਮੈਂਬਰ ਆਪਣੀਆਂ ਸੰਗਤਰੇ ਅਤੇ ਪੀਲੇ ਰੰਗ ਦੀਆਂ ਟੀ-ਸ਼ਰਟਾਂ ਪਾਈ ਸ਼ਾਮਲ ਹੋਏ। ਉਨ੍ਹਾਂ ਤੋਂ ਇਲਾਵਾ ਹੋਰ ਕਈ ਦੌੜਾਲ ਰੰਗ-ਬਰੰਗੀਆਂ ਟੀ-ਸ਼ਰਟਾਂ ਨਾਲ ਦੌੜਨ ਲਈ ਤਿਆਰ-ਬਰ ਤਿਆਰ ਖੜੇ ਸਨ। ਲੰਮੀ ਵਿਸਲ ਨਾਲ ਦੌੜਾਕਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਹਰੀ ਝੰਡੀ ਦਿੱਤੀ ਗਈ ਅਤੇ ਉਨ੍ਹਾਂ ਨੇ ਨਿਰਧਾਰਤ ਕੀਤੇ ਟਰੈਕ ਉੱਪਰ ਚੱਕਰ ਲਗਾਉਣੇ ਸ਼ੁਰੂ ਕਰ ਦਿੱਤੇ। ਕਈਆਂ ਨੇ ਦੌੜ ਕੇ ਅਤੇ ਬਾਕੀਆਂ ਨੇ ਤੇਜ਼-ਤੇਜ਼ ਪੈਦਲ ਚੱਲ ਕੇ ਟਰੈਕ ਦੇ 8 ਤੋਂ 10 ਚੱਕਰ ਲਗਾਏ ਜਿਸ ਨਾਲ ਉਸ 600 ਮੀਟਰ ਤੋਂ ਵਧੇਰੇ ਵਾਲੇ ਟਰੈਕ 'ਤੇ ਉਨ੍ਹਾਂ ਨੇ 5-8 ਕਿਲੋਮੀਟਰ ਪੈਂਡਾ ਤੈਅ ਕੀਤਾ। ਇਸ ਦੌੜ ਤੇ ਵਾੱਕ ਦਾ ਸੁਯੋਗ ਪ੍ਰਬੰਧ ਟੀ.ਪੀ.ਏ.ਆਰ. ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿਚ ਕੀਤਾ ਗਿਆ।

ਇਸ ਦੇ ਨਾਲ ਹੀ ਫ਼ੁੱਟਬਾਲ ਦੇ ਖਿਡਾਰੀ ਟਰੈਕ ਦੇ ਨਾਲ ਲੱਗਦੀ ਸੌਕਰ ਗਰਾਂਊਂਡ ਵਿਚ ਵਾਰਮ-ਅੱਪ ਹੋ ਰਹੇ ਸਨ। ਦੌੜ ਦੀ ਸਮਾਪਤੀ ਤੋਂ ਬਾਅਦ ਸੌਕਰ ਦੇ ਇਸ ਮੈਦਾਨ ਵਿਚ ਏਅਰਪੋਰ ਟੈਕਸੀ ਐਸੋਸੀਏਸ਼ਨ ਅਤੇ ਏਅਰਪੋਰਟ ਲਿਮੋਜ਼ੀਨ ਸਰਵਿਸ ਐਸੋਸੀਏਸ਼ਨ ਦੀਆਂ ਟੀਮਾਂ ਵਿਚਕਾਰ ਫ਼ੁੱਟਬਾਲ ਦਾ ਮੈਚ ਸ਼ੁਰੂ ਹੋ ਗਿਆ ਜਿਸ ਵਿਚ ਦੋਹਾਂ ਟੀਮਾਂ ਦੇ ਖਿਡਾਰੀ 2-2 ਗੋਲਾਂ ਦੀ ਬਰਾਬਰੀ 'ਤੇ ਰਹੇ ਅਤੇ ਇਸ ਮੈਚ ਵਿਚ ਹਾਰ-ਜਿੱਤ ਦਾ ਮੁਕਾਬਲਾ ਪੈਨਲਟੀ-ਕਿੱਕਾਂ ਨਾਲ ਕਰਨਾ ਪਿਆ ਜਿਸ ਵਿਚ ਟੈਕਸੀ ਐਸੋਸੀਏਸ਼ਨ ਨੇ ਲਿਮੋਜ਼ੀਨ ਵਾਲਿਆਂ ਨੂੰ 5-4 ਗੋਲਾਂ ਦੇ ਫ਼ਰਕ ਨਾਲ ਹਰਾਇਆ। ਏਸੇ ਤਰ੍ਹਾਂ ਵਾਲੀਬਾਲ ਦੇ ਮੈਚ ਵਿਚ ਵੀ ਟੈਕਸੀ ਐਸੀਸੀਏਸ਼ਨ ਦੇ ਖਿਡਾਰਿਆਂ ਨੇ ਲਿਮੋਜ਼ੀਨ ਦੇ ਖਿਡਾਰੀਆਂ ਕੋਲੋਂ ਦੋਵੇਂ ਗੇਮਾਂ ਜਿੱਤ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਗੋਲਾ ਸੁੱਟਣ (ਸ਼ਾਟ-ਪੁੱਟ) ਦੇ ਮੁਕਾਬਲਿਆਂ ਵਿਚ ਹਰਦੀਪ ਬਰਾੜ ਪਹਿਲੇ ਨੰਬਰ 'ਤੇ ਆਇਆ, ਜਦਕਿ ਬਲਰਾਜ ਸਿੰਘ ਦੂਸਰੇ ਅਤੇ ਗੁਰਲਾਲ ਸਿੰਘ ਤੀਸਰੇ ਨੰਬਰ 'ਤੇ ਰਹੇ।





ਛੋਟੇ ਬੱਚਿਆਂ ਦੀ 50 ਮੀਟਰ ਦੌੜ ਵਿਚ ਸੱਭ ਤੋਂ ਛੋਟੇ 2014 ਵਿਚ ਪੈਦਾ ਹੋਏ ਅਰਬਾਨ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। 2010 ਵਿਚ ਪੈਦਾ ਹੋਏ ਐਰੋਨ ਤੇ ਸ਼ਾਨ ਪਹਿਲੇ ਤੇ ਦੂਸਰੇ ਨੰਬਰ 'ਤੇ ਆਏ, ਜਦਕਿ 2008-2009 ਵਿਚ ਜੰਮੇਂ ਗੁਲਬਾਗ ਅਤੇ ਹਿੰਮਤ ਨੇ ਫ਼ਸਟ ਤੇ ਸੈਕੰਡ ਪੋਜ਼ੀਸ਼ਨਾਂ ਪ੍ਰਾਪਤ ਕੀਤੀਆਂ। ਲੜਕੀਆਂ ਵਿਚ 2010 ਵਿਚ ਪੈਦਾ ਹੋਈਆਂ ਗੁਰਨੂਰ ਅਤੇ ਸੀਨਾ ਪਹਿਲੇ ਤੇ ਦੂਸਰੇ ਨੰਬਰ 'ਤੇ ਆਈਆਂ, ਜਦਕਿ 2010 ਵਿਚ ਜੰਮੀਆਂ ਪਰੀ ਤੇ ਏਕਮ ਫ਼ਸਟ ਤੇ ਸੈਕੰਡ ਰਹੀਆਂ। 60 ਸਾਲ ਤੋਂ ਉੱਪਰ ਉਮਰ ਵਾਲੇ ਸੀਨੀਅਰ ਦੌੜਾਕਾਂ ਦੀ 100 ਮੀਟਰ ਦੌੜ ਵਿਚ ਪਿੰਕੀ ਪਹਿਲੇ ਨੰਬਰ 'ਤੇ, ਦਿਲਜੀਤ ਸਿੰਘ ਦੂਸਰੇ ਅਤੇ ਤਰਲੋਚਨ ਸਿੰਘ ਤੀਸਰੇ ਨੰਬਰ 'ਤੇ ਰਹੇ। ਏਸੇ ਤਰ੍ਹਾਂ 50 ਤੋਂ 60 ਸਾਲ ਉਮਰ ਵਰਗ ਵਿਚ ਹਰਮਿੰਦਰ ਡੁਲਕੂ ਪਹਿਲੇ, ਕੁਲਬੀਰ ਦੂਸਰੇ ਅਤੇ ਹਰਬੀਰ ਤੀਸਰੇ ਨੰਬਰ 'ਤੇ ਆਏ। ਇਨ੍ਹਾਂ ਸਾਰੇ ਮੁਕਾਬਲਿਆਂ ਵਿਚ ਰਹੇ ਜੇਤੂਆਂ ਨੂੰ ਟਰਾਫ਼ੀਆਂ, ਕੱਪ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਆਏ ਮੈਂਬਰਾਂ ਤੇ ਮਹਿਮਾਨਾਂ ਦੇ ਮਨੋਰੰਜਨ ਲਈ ਸ਼ਾਮ ਨੂੰ ਚਾਰ ਵਜੇ ਦੇ ਕਰੀਬ ਗਾਇਕਾ ਰੂਬੀ ਕੌਰ ਨੇ ਆਪਣੀ ਸੁਰੀਲੀ ਤੇ ਦਿਲਕਸ਼ ਆਵਾਜ਼ ਕਈ ਗੀਤ ਸੁਣਾਏ ਜਿਨ੍ਹਾਂ ਨੂੰ ਸਾਰਿਆਂ ਵੱਲੋਂ ਬਹੁਤ ਪਸੰਦ ਕੀਤਾ ਗਿਆ। ਇਸ ਟੂਰਨਾਮੈਂਟ ਦੌਰਾਨ ਸਾਰਾ ਦਿਨ ਖਾਣ-ਪੀਣ ਦਾ ਸਿਲਸਿਲਾ ਚੱਲਦਾ ਰਿਹਾ ਜਿਸ ਦਾ ਇੰਤਜ਼ਾਮ ਟੂਰਨਾਮੈਂਟ ਕਮੇਟੀ ਵੱਲੋਂ ਬਹੁਤ ਵਧੀਆ ਤਰੀਕੇ ਨਾਲ ਕੀਤਾ ਗਿਆ। ਟੂਰਨਾਮੈਂਟ ਦੀ ਪ੍ਰਬੰਧਕੀ ਟੀਮ ਵਿਚ ਗੁਰਪ੍ਰੀਤ ਗਰੇਵਾਲ, ਕੁਲਬੀਰ ਸਿੰਘ, ਹਰਮਿੰਦਰ ਸਿੰਘ, ਕੁਲਵੰਤ ਗਰੇਵਾਲ, ਜਸਜੀਤ ਸਿੰਘ, ਬਿੱਲੂ ਅਤੇ ਮਿੰਟੂ ਸ਼ਾਮਲ ਸਨ। ਸਮੁੱਚੇ ਪ੍ਰੋਗਰਾਮ ਦੌਰਾਨ ਬਲਰਾਜ ਧਾਲੀਵਾਲ ਨੇ ਫ਼ੋਟੋਗ੍ਰਾਫ਼ੀ ਦੀ ਸੇਵਾ ਬਾਖ਼ੂਬੀ ਨਿਭਾਈ। ਉਨ੍ਹਾਂ ਚੱਲ ਰਹੇ ਮੈਚਾਂ ਅਤੇ ਹੋਰ ਈਵੈਂਟਸ ਦੀਆਂ ਬਹੁਤ ਖ਼ੂਬਸੂਰਤ ਤਸਵੀਰਾਂ ਖਿੱਚੀਆਂ। ਐਸੋਸੀਏਸ਼ਨ ਦੇ 200 ਦੇ ਕਰੀਬ ਮੈਂਬਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਮਹਿਮਾਨਾਂ ਨੇ ਸਾਰਾ ਦਿਨ ਇਸ ਟੂਰਨਾਮੈਂਟ-ਕਮ-ਪਿਕਨਿਕ ਦਾ ਖ਼ੂਬ ਅਨੰਦ ਮਾਣਿਆਂ।




## ਲੜਕੀ ਦੀ ਲੋੜ

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 । 204-510-1423

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)




## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 । 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੈਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 । 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089




## ਲੜਕੇ ਦੀ ਲੋੜ

ਜੱਟ ਸਿੱਖ ਸੁੰਦਰ ਲੜਕੀ, ਉਮਰ 35 ਸਾਲ, ਕੱਦ 5'-4'', ਡੈਂਟਲ ਅਸਿਸਟੈਂਟ ਡਿਪਲੋਮਾ ਤੇ ਨੈਨੀ ਕੋਰਸ, ਵਿਜ਼ੀਟਰ ਵਿਜ਼ੇ ਤੇ ਆਈ ਲੜਕੀ ਲਈ PR ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 780-236-5046

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਹ, ਉਮਰ 36 ਸਾਲ, 5'-7'', Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੇਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੇਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। Send Bio Data through Whatsapp at: +91 97802-16716 ਜਾਂ ਕਾਲ ਕਰੋ: 647-766-7137




## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਜੋਹਲ ਲੜਕੀ, 1987 ਭੋਰਨ, ਕੱਦ 5'-7''ਕੈਨੇਡਾ ਵਿੱਚ P.R ,B.sc Nursing, ਤੇ ਕੈਨੇਡਾ ਵਿੱਚ ਰਜਿਸਟਰਡ ਨਰਸ, Divorcee ਲੜਕੀ ਲਈ P.R ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 306-480-1229 । 416-436-3787

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 । 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252




**Cell n Tell Distribution Inc.**
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

**ਫੋਨਾਂ ਦੇ ਸਸਤੇ ਪਲਾਨ ਗਾਰੰਟਿਡ**
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

**Cell n Tell Distribution Inc.**
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com



# ਦੂਰਦਰਸ਼ਨ ਸੱਠ ਸਾਲ ਦਾ ਹੋਣ ਤੱਕ ਯਾਦਾਂ 'ਚ ਗੁਆਚੇ ਲੋਕ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਸਰਕਾਰੀ ਬਰਾਡਕਾਸਟਰ ਦੂਰਦਰਸ਼ਨ ਨੇ ਕੱਲ੍ਹ ਸੱਠ ਸਾਲ ਪੂਰੇ ਕਰ ਲਏ ਤੇ ਇਸ ਮੌਕੇ 'ਤੇ ਸਭ ਲੋਕ ਪੁਰਾਣੀਆਂ ਯਾਦਾਂ ਵਿੱਚ ਗੁਆਚ ਗਏ, ਜਦੋਂ ਸਿਰਫ ਇਹੀ ਇੱਕ ਮਾਧਿਅਮ ਹਰਮਨ ਪਿਆਰੇ ਪ੍ਰੋਗਰਾਮਾਂ ਦਾ ਮੰਚ ਹੁੰਦਾ ਸੀ। ਦੂਰਦਰਸ਼ਨ ਦੇ ਇਸ ਸਫਰ 'ਤੇ ਕਈ ਲੋਕਾਂ ਨੇ ਟਵਿਟਰ 'ਤੇ ਆਪੋ-ਆਪਣੇ ਅਨੁਭਵ ਸਾਂਝੇ ਕੀਤੇ। ਮਹਾਭਾਰਤ, ਰਾਮਾਇਣ, ਫੌਜੀ ਤੇ ਮਾਲਗੁੜੀ ਡੇਜ਼ ਵਰਗੇ ਅਤਿਅੰਤ ਹਰਮਨ ਪਿਆਰੇ ਲੜੀਵਾਰ ਪ੍ਰਸਾਰਿਤ ਕਰਨ ਵਾਲੇ ਦੂਰਦਰਸ਼ਨ ਦੀ ਰੱਜ ਕੇ ਤਾਰੀਫ ਵੀ ਹੋਈ।

ਟਵਿਟਰ ਉੱਤੇ ਲੋਕਾਂ ਨੇ ਇਕ ਦੂਜੇ ਤੋਂ ਇਹ ਸਵਾਲ ਵੀ ਕੀਤੇ ਕਿ ਉਨ੍ਹਾਂ ਦਾ ਸਭ ਤੋਂ ਪਸੰਦੀਦਾ ਸ਼ੋਅ ਕਿਹੜਾ ਸੀ। ਕੁਝ ਨੇ ਦੂਰਦਰਸ਼ਨ ਦੇ ਮਸ਼ਹੂਰ ਲੋਗੋ ਨੂੰ ਸ਼ੇਅਰ ਕੀਤਾ, ਜੋ ਆਪਣੇ ਜਾਣੀ ਪਛਾਣੀ ਧੁਨ ਨਾਲ ਕਿਸੇ ਵੀ ਸ਼ੋਅ ਤੋਂ ਪਹਿਲਾਂ ਟੀ ਵੀ ਤੇ ਨਜ਼ਰ ਆਉਂਦਾ ਸੀ। ਸੋਸ਼ਲ ਮੀਡੀਆ 'ਚ ਲੋਕ ਇਸ ਦੇ ਸਹਾਰੇ ਆਪਣੇ ਬਚਪਨ ਦੀਆਂ ਯਾਦਾਂ ਵਿੱਚ ਗੁਆਚ ਗਏ। ਆਖਰ ਇਹ ਹੋਵੇ ਵੀ ਕਿਉਂ ਨਾ? ਨਿੱਜੀ ਟੈਲੀਵਿਜ਼ਨ ਚੈਨਲਾਂ ਦੇ ਆਉਣ ਤੋਂ ਪਹਿਲਾਂ ਪੂਰੇ ਦੇਸ਼ ਲਈ ਦੂਰਦਰਸ਼ਨ ਹੀ ਮਨੋਰੰਜਨ ਦਾ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਸੀ। ਕ੍ਰਿਕਟ ਮੈਚਾਂ ਦੇ ਸਜੀਵ ਪ੍ਰਸਾਰਨ ਤੋਂ ਫਿਲਮਾਂ ਤੇ ਐਂਟਰਟੇਨਮੈਂਟ ਸ਼ੋਅ ਘਰ-ਘਰ ਦਾ ਹਿੱਸਾ ਹੋਇਆ ਕਰਦੇ ਸਨ।

ਪ੍ਰਸਾਰ ਭਾਰਤੀ ਦੇ ਸੀ ਈ ਓ ਸ਼ਸ਼ੀ ਸ਼ੇਕਰ ਵੇਂਪਤੀ ਨੇ ਕਿਹਾ ਕਿ ਕੱਲ੍ਹ ਦਾ ਦਿਨ ਇਹ ਸਮਝਣ ਦਾ ਦਿਨ ਹੈ ਕਿ ਕੇਵਲ ਦੂਰਦਰਸ਼ਨ ਦੀ ਉਮਰ ਹੀ ਨਹੀਂ ਵਧੀ, ਬਲਕਿ ਇਸ ਨੇ ਇਕ ਨਵਾਂ ਸਰੂਪ ਵੀ ਗ੍ਰਹਿਣ ਕੀਤਾ ਹੈ। ਡਿਜੀਟਲ ਯੁੱਗ 'ਚ ਰਹਿ ਰਹੇ ਦਰਸ਼ਕਾਂ ਲਈ ਦੂਰਦਰਸ਼ਨ ਨਵੇਂ ਰੂਪ ਵਿੱਚ ਹੈ। ਉਨ੍ਹਾਂ ਕਿਹਾ ਕਿ ਦੂਰਦਰਸ਼ਨ ਹੀ ਭਾਰਤ ਵਿੱਚ ਟੈਲੀਵਿਜ਼ਨ ਦਾ ਇਤਿਹਾਸ ਹੈ। ਛੇ ਦਹਾਕਿਆਂ ਦੀ ਸਾਡੀ ਕਹਾਣੀ ਕਾਮਯਾਬੀ ਦਾ ਸਫਰ ਹੈ-ਟੀ ਵੀ ਇੰਡਸਟਰੀ ਲਈ ਇਕ ਮੀਲ ਪੱਥਰ। ਦੂਰਦਰਸ਼ਨ ਦੀ ਡਾਇਰੈਕਟਰ ਜਨਰਲ ਸੁਪ੍ਰਿਆ ਸਾਹੂ ਨੇ ਕਿਹਾ, ਇਹ ਜ਼ਰੀਆ ਭਾਰਤ ਦਾ ਡੀ ਐਨ ਏ ਹੈ। ਹੈਪੀ ਬਰਥ ਡੇ ਦੂਰਦਰਸ਼ਨ 60 ਸ਼ਾਨਦਾਰ ਸਾਲ। ਤੁਸੀਂ ਇਸੇ ਤਰ੍ਹਾਂ ਦਰਸ਼ਕਾਂ ਨੂੰ ਰੁਮਾਂਚਿਤ ਕਰਦੇ ਰਹੋ। ਸਾਹੂ ਨੇ ਇਕ ਵੀਡੀਓ ਵਿੱਚ ਕਿਹਾ, ਦੂਰਦਰਸ਼ਨ ਦੀ ਸ਼ੁਰੂਆਤ 15 ਸਤੰਬਰ 1959 ਨੂੰ ਇਕ ਤਜਰਬੇ ਦੇ ਰੂਪ ਵਿੱਚ ਹੋਈ ਸੀ, ਪਰ ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਇਹ ਦੁਨੀਆ ਦੇ ਸਭ ਤੋਂ ਵੱਡੇ ਬਰਾਡਕਾਸਟਰਾਂ ਵਿੱਚੋਂ ਇਕ ਰੂਪ ਵਿੱਚ ਉਭਰਿਆ ਹੈ। 1965 ਵਿੱਚ ਦੂਰਦਰਸ਼ਨ ਨੇ ਇਕ ਸੇਵਾ ਦਾ ਰੂਪ ਲਿਆ, ਜਦੋਂ ਉਸ ਨੇ ਦਿੱਲੀ ਤੇ ਉਸ ਦੇ ਆਸਪਾਸ ਦੇ ਇਲਾਕਿਆਂ ਵਿੱਚ ਟੀ ਵੀ ਸੈਟਾਂ ਤੱਕ ਆਪਣੇ ਪ੍ਰਸਾਰਨ ਦੀ ਸ਼ੁਰੂਆਤ ਕੀਤੀ। ਸਾਲ 1972 ਤੱਕ ਇਹ ਸੇਵਾ ਮੁੰਬਈ ਤੇ ਅੰਮ੍ਰਿਤਸਰ ਤੱਕ ਪੁੱਜ ਗਈ ਤੇ ਫਿਰ 1975 ਤੱਕ ਇਸ ਦਾ ਦਾਇਰਾ ਸੱਤ ਹੋਰ ਸ਼ਹਿਰਾਂ ਤੱਕ ਫੈਲ ਗਿਆ। ਇਸ ਦੌਰਾਨ ਉਹ ਨੈਸ਼ਨਲ ਬਰਾਡਕਾਸਟਰ ਆਲ ਇੰਡੀਆ ਰੇਡੀਓ ਦਾ ਇਕ ਸਹਿਯੋਗੀ ਰਿਹਾ। ਪਹਿਲੀ ਅਪ੍ਰੈਲ 1976 ਤੋਂ ਇਸ ਨੇ ਸੂਚਨਾ ਤੇ ਪ੍ਰਸਾਰਨ ਮੰਤਰਾਲੇ ਦੇ ਰੂਪ ਵਿੱਚ ਇਕ ਵੱਖਰੇ ਵਿਭਾਗ ਦੇ ਰੂਪ ਵਿੱਚ ਕੰਮ ਕਰਨਾ ਆਰੰਭ ਕਰ ਦਿੱਤਾ।

**Change of Name**

**I, Veerpal Kaur Sidhu,** Currently a resident of **72 ZIA Dodda Crescent, Brampton, ON L6P 1J4** declare that my name **Veerpal Kaur Sidhu** has been changed to **Veerpal Kaur Gill.** Henceforth, I shall be known as **Veerpal Kaur Gill** for all purposes.

* **I, Bhola Singh Gill,** Currently a resident of **72 ZIA Dodda Crescent, Brampton, ON L6P 1J4** declare that my name **Bhola Singh Gill** has been changed to **Resham Singh Gill.** Henceforth, I shall be known as **Resham Singh Gill** for all purposes.

HOUSE FOR RENT ਰੈਂਟ $2,400
ਵਧੀਆ ਤੇ ਸ਼ਾਨਦਾਰ ਸੈਮੀ ਡਿਟੈਚਡ ਘਰ
3 Bedroom + Office
2 Car parking + Garage
William Pkwy & Chinguacousy, Brampton
647-765-8644 | nsrespect@gmail.com

## ਬਰੇਅਡਨ ਸੀਨੀਅਰ ਕਲੱਬ ਨੇ ਪੰਜਵਾਂ ਟੂਰ ਲਾਇਆ



ਬਰੈਂਪਟਨ- 9 ਸਿਤੰਬਰ 2019 ਦਿਨ ਸੋਮਵਾਰ ਨੂੰ ਬਰੇਅਡਨ ਸੀਨੀਅਰ ਕਲੱਬ ਦੇ ਸਾਰੇ ਮੈਂਬਰ ਆਪਣੇ ਪੰਜਵੇਂ ਟੂਰ 'ਤੇ ਜਾਣ ਲਈ ਟ੍ਰੀਲਾਈਨ ਪਾਰਕ ਵਿੱਚ ਇਕੱਠੇ ਹੋਏ। ਟੋਰੰਟੋ ਜ਼ੂ ਲਈ ਜਾਣ ਵਾਲਾ ਇਹ ਕਾਫਲਾ ਬਸ ਰਾਹੀਂ ਕੋਈ 11.30 ਵਜੇ ਮੰਜਲ 'ਤੇ ਅਪੜ ਗਿਆ। ਇਸ ਦਿਨ ਜ਼ੂ ਐਂਟਰੀ ਬਜ਼ੁਰਗਾਂ ਲਈ ਮੁਫਤ ਹੋਣ ਸਦਕਾ ਇੱਥੇ ਬੜੀਆਂ ਰੌਣਕਾਂ ਲੱਗੀਆਂ ਸਨ ਅਤੇ ਮੇਲੇ ਵਰਗਾ ਮਾਹੌਲ ਬਣਿਆ ਸੀ। ਗਰੁਪ ਫੋਟੋ ਲੈਣ ਉਪਰੰਤ ਨਾਲ ਲਿਆਂਦੇ ਲੰਚ ਕਰਨ ਦਾ ਫੈਸਲਾ ਹੋਇਆ। ਪੀਜ਼ਾ ਅਤੇ ਕੋਲਡ ਡਰਿੰਕ ਦੀ ਸੇਵਾ ਇਸ ਕਲੱਬ ਦੇ ਦੋ ਮੈਂਬਰਾਂ ਨਿਭਾਈ। ਇਸ ਤੋਂ ਬਾਅਦ ਸਭ ਜ਼ੂ ਦੀ ਸੈਰ ਲਈ ਨਿਕਲ ਪਏ। ਰਾਈਡ ਲਈ ਜ਼ੂਮੋਬਾਈਲ ਗੱਡੀ ਉਪਲਬਧ ਸੀ ਸੋ ਇਸ ਦੀ ਸਵਾਰੀ ਦਾ ਲੁਤਫ ਲੈਂਦੇ ਹੋਏ ਤਰ੍ਹਾਂ ਤਰ੍ਹਾਂ ਦੇ ਜਾਨਵਰਾਂ ਨੂੰ ਨੇੜਿਓਂ ਦੇਖਣ ਪਰਖਣ ਦਾ ਅਵਸਰ ਮਿਲਿਆ। ਰੰਗ ਬਿਰੰਗੇ ਪੰਛੀ ਅਤੇ ਹੋਰ ਅਦਭੁਤ ਕਿਸਮ ਦੇ ਪ੍ਰਾਣੀਆਂ ਨੂੰ ਦੇਖਦਿਆਂ ਕੁਦਰਤ ਦੀ ਅਪਾਰ ਲੀਲਾ ਦਾ ਵਿਲੱਖਣ ਅਹਿਸਾਸ ਹੋ ਰਿਹਾ ਸੀ। ਸ਼ੇਰਾਂ ਦੇ ਬਾੜੇ ਵਿੱਚ ਦੋ ਸ਼ੇਰਾਂ ਦਾ ਜੋੜਾ ਅਰਾਮ ਫਰਮਾ ਰਿਹਾ ਸੀ। ਭੀੜ ਦੁਆਰਾ ਖਲਲ ਪੈਣ 'ਤੇ ਜਿਵੇਂ ਸ਼ੇਰਨੀ ਨੇ ਪੁਛਿਆ ਹੋਵੇ ' ਡੀਅਰ ਇਹ ਅੱਜ ਰੰਗ ਬਿਰੰਗੀਆਂ ਪੱਗਾਂ ਵਾਲਿਆਂ ਦੀ ਭੀੜ ਕਿਹੋ ਜਿਹੀ?' ਸ਼ੇਰ ਜੁਆਬ ਦਿੱਤਾ ਹੋਣੈ 'ਡੀਅਰ ਇਹ ਆਪਣੀ ਹੀ ਬਰਾਦਰੀ ਹੈ ਕਿਓਂ ਜੋ ਇਹ ਵੀ ਆਪਣੇ ਨਾਂਅ ਨਾਲ ਸਿੰਘ ਲਾਉਂਦੇ ਆ'। ਸ਼ਾਮ ਕੋਈ 6ਕੁ ਵਜੇ ਵਾਪਸੀ ਦਾ ਸਮਾਂ ਸੀ ਸੋ ਵਾਪਸੀ ਸਫਰ ਕਰ ਘਰਾਂ ਨੂੰ ਪਰਤਿਆ ਗਿਆ। ਸਭ ਕਲੱਬ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 27 ਸਿਤੰਬਰ ਸ਼ੁਕਰਵਾਰ ਨੂੰ ਕਲੱਬ ਦੀ ਜਨਰਲ ਬਾਡੀ ਮੀਟਿੰਗ 6 ਵਜੇ ਤੋਂ 8 ਵਜੇ ਤੱਕ ਹੋਵੇਗੀ ਜਿਸ 'ਚ ਸਭ ਨੂੰ ਹਾਜਰ ਹੋਣ ਦੀ ਬੇਨਤੀ ਹੈ ਤਾਕਿ ਅਗਲਾ ਪ੍ਰੋਗ੍ਰਾਮ ਉਲੀਕਿਆ ਜਾ ਸਕੇ। ਧੰਨਵਾਦ।

## ਟ੍ਰਿਪਲ ਕਰਾਊਨ ਸੀਨੀਅਰਜ਼ ਕਲੱਬ ਵੱਲੋਂ ਨਿਆਗਰਾ ਆਨ 'ਦ ਲੇਕ ਦਾ ਟੂਰ



ਬਰੈਂਪਟਨ, (ਡਾ. ਝੰਡ) -ਜਿਉਂ-ਜਿਉਂ ਗਰਮੀਆਂ ਦਾ ਮੌਸਮ ਮੁੱਕਣ ਦੇ ਨੇੜੇ ਆ ਰਿਹਾ ਹੈ, ਸੀਨੀਅਰਜ਼ ਕਲੱਬਾਂ ਦੀਆਂ ਸਰਗ਼ਰਮੀਆਂ ਵਿਚ ਵਾਧਾ ਹੋ ਰਿਹਾ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਫਿਰ ਸਰਦੀਆਂ ਦੇ 5-6 ਮਹੀਨੇ ਤਾਂ ਅੰਦਰੇ ਹੀ ਤੜੇ ਰਹਿਣਾ ਪੈਣਾ ਹੈ। ਉਹ ਇਨ੍ਹੀਂ ਦਿਨੀਂ ਲੱਗਭੱਗ ਹਰੇਕ ਵੀਕ-ਐਂਡ 'ਤੇ ਬਾਹਰ ਕਿਧਰੇ ਜਾ ਕੇ ਫਿਰਨ ਤੁਰਨ ਦਾ ਪ੍ਰੋਗਰਾਮ ਬਣਾ ਰਹੇ ਹਨ। ਏਸੇ ਸਿਲਸਿਲੇ ਵਿਚ ਹੀ ਬੀਤੇ ਐਤਵਾਰ ਇਕ ਟੂਰ ਟ੍ਰਿਪਲ ਕਰਾਊਨ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਨਿਆਗਰਾ ਆਨ 'ਦ ਲੇਕ, ਜਾਰਜ ਫੋਰਟ ਅਤੇ ਸੇਂਟ ਕੈਥਰੀਨ ਮਿਊਜ਼ੀਅਮ ਦਾ ਲਗਾਇਆ ਗਿਆ।

ਟੂਰ ਲਈ ਬੱਸ ਦੇ ਰਵਾਨਾ ਹੋਣ ਦਾ ਸਮਾਂ 9 ਵਜੇ ਦਾ ਨਿਸ਼ਚਤ ਕੀਤਾ ਗਿਆ ਸੀ। ਸਾਰੇ ਮੈਂਬਰਾਂ ਨੇ ਇਸ ਤੋਂ 15-20 ਮਿੰਟ ਪਹਿਲਾਂ ਹੀ ਨਿਸ਼ਚਿਤ ਥਾਂ 'ਤੇ ਪਹੁੰਚ ਕੇ ਪੂਰੀ ਜ਼ਿਮੇਂਵਾਰੀ ਦਾ ਸਬੂਤ ਦਿੱਤਾ ਅਤੇ "ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ" ਦੇ ਜੈਕਾਰੇ ਨਾਲ ਬੱਸ ਨੇ ਨਿਆਗਰਾ ਵੱਲ ਚਾਲੇ ਪਾ ਦਿੱਤੇ। ਪੌਣੇ ਗਿਆਰਾਂ ਵਜੇ ਸੇਂਟ ਕੈਥਰੀਨ ਵਾਟਰ ਲੱਕ ਨੰਬਰ-3 'ਤੇ ਪਹੁੰਚੇ ਅਤੇ ਉਦੋਂ ਸ਼ਿਪ ਉੱਥੋ ਦੀ ਲੰਘ ਰਿਹਾ ਸੀ। ਦੂਸਰੇ ਸ਼ਿਪ ਦੀ ਓਡੀਕ ਕਰਦਿਆਂ ਅਤੇ ਚਾਹ-ਪਾਣੀ ਪੀਂਦਿਆਂ ਅੱਧਾ-ਪੌਣਾ ਘੰਟਾ ਹੋਰ ਲੰਘ ਗਿਆ। ਕਲੱਬ ਦੀ ਮੈਂਬਰ ਬੀਬੀ ਰਮੇਸ਼ ਲੂੰਬਾ ਅਤੇ ਸਾਥਣਾਂ ਵੱਲੋਂ ਲਿਆਂਦੇ ਗਏ ਲੱਡੂ ਅਤੇ ਮੱਠੀਆਂ ਸਾਰਿਆਂ ਨੇ ਚਾਹ ਦੇ ਨਾਲ ਬੜੇ ਸ਼ੌਕ ਨਾਲ ਛਕੇ। ਦੂਸਰੇ ਸ਼ਿਪ ਦੇ ਆਉਣ 'ਤੇ ਪਾਣੀ ਦੇ ਹੇਠਲੇ ਪੱਧਰ 'ਤੇ ਜਾਣ ਮਗਰੋਂ ਸਾਰੇ ਨਮੈਂਬਰ ਬੱਸ ਵਿਚ ਸਵਾਰ ਹੋ ਕੇ ਨਿਆਗਰਾ ਆਨ 'ਦ ਲੇਕ ਵੱਲ ਚੱਲ ਪਏ। ਪਤਾ ਲੱਗਾ ਕਿ ਉਸ ਦਿਨ ਪਰੇਡ ਨਹੀਂ ਹੋ ਰਹੀ ਸੀ। ਇਸ ਲਈ ਸਾਰੇ ਜਣੇ ਹੋਟਲ 'ਪ੍ਰਿੰਸ ਆਫ਼ ਵੇਲਜ਼' ਦੇ ਸਾਹਮਣੇ ਖ਼ੂਬਸੂਰਤ ਪਾਰਕ ਵਿਚ ਬੈਠ ਗਏ ਜਿੱਥੇ ਬੀਬੀਆਂ ਨੇ ਆਪਣੇ ਨਾਲ ਲਿਆਂਦੇ ਹੋਏ ਵੱਖੋ-ਵੱਖਰੇ ਪਕਵਾਨ ਪਰੋਸੇ ਅਤੇ ਸਾਰਿਆਂ ਨੇ ਇਨ੍ਹਾਂ ਦਾ ਭਰਪੂਰ ਅਨੰਦ ਲਿਆ।

ਸਾਢੇ ਤਿੰਨ ਵਜੇ ਬੱਸ ਵਿਚ ਸਵਾਰ ਹੋ ਕੇ ਨਿਆਗਰਾ ਫ਼ਾਲਜ਼ ਲਈ ਰਵਾਨਾ ਹੋ ਗਏ। ਉੱਥੇ ਪਹੁੰਚਣ ਤੋਂ ਬਾਅਦ ਕਾਫ਼ੀ ਪੀ ਕੇ ਸਾਰੇ ਤਰੋ-ਤਾਜ਼ਾ ਹੋ ਗਏ ਅਤੇ ਨਿਆ-ਗਰਾ ਫ਼ਾਲਜ਼ ਵੱਲ ਹੋ ਤੁਰੇ। ਏਨੇ ਨੂੰ ਮਿੰਨੀ-ਮਿੰਨੀ ਕਣੀਆਂ ਦੀ ਫ਼ੁਹਾਰ ਸ਼ੁਰੂ ਹੋ ਗਈ ਪਰ ਇਸ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਉੱਥੇ ਮੇਲਾ ਫਿਰ ਵੀ ਪੂਰਾ ਭਰਿਆ ਹੋਇਆ ਸੀ। ਅਸਮਾਨ ਵਿਚ ਛਾਈਆਂ ਬਦਲੋਟੀਆਂ, ਨਿਆਗਰਾ ਦਾ ਖੌਲਦਾ ਪ੍ਰਤੀਤ ਹੁੰਦਾ ਪਾਣੀ ਅਤੇ ਉਸ ਵਿਚ ਤਰਦੀਆਂ ਕਿਸ਼ਤੀਆਂ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਲੱਗਭੱਗ ਸਾਰਿਆਂ ਨੇ ਆਪਣੇ ਮੋਬਾਇਲਾਂ ਵਿਚ ਇਨ੍ਹਾਂ ਖ਼ੂਬਸੂਰਤ ਦ੍ਰਿਸ਼ਾਂ ਨੂੰ ਕੈਦ ਕੀਤਾ ਅਤੇ ਦਿੱਤੇ ਹੋਏ ਸਮੇਂ 'ਤੇ ਉਹ ਪਾਰਕਿੰਗ ਵਿਚ ਖੜੀ ਬੱਸ ਵੱਲ ਚੱਲ ਪਏ। ਸਾਢੇ ਪੰਜ ਵਜੇ ਦੇ ਕਰੀਬ ਉੱਥੋਂ ਚੱਲ ਕੇ ਸ਼ਾਮ ਦੇ ਸੱਤ ਵਜੇ ਬਾਟਮ ਵੁੱਡ ਪਾਰਕ ਪਹੁੰਚ ਗਏ ਜਿੱਥੇ ਟੂਰ ਦੀ ਪ੍ਰਬੰਧਕ ਕਮੇਟੀ ਨੇ ਇਸ ਸਫ਼ਲ ਟੂਰ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ। ਸੁਆਦਲਾ ਖਾਣਾ ਤਿਆਰ ਕਰਕੇ ਨਾਲ ਲਿਜਾਣ ਲਈ ਬੀਬੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਫੈਨਸਾਂ ਜਾਂ ਘਰਾਂ ਦਾ ਰੰਗ ਕਰਨ ਲਈ,
8 ਸਾਲਾਂ ਦਾ ਤਜ਼ਰਬਾ, ਵਾਜਿਬ ਰੇਟ ਤੇ ਸਮੇ ਸਿਰ ਕੰਮ
647 202 7902 ਜਾਂ 647 794 6514
ਰੇਟ: $14/ਘੰਟਾ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

You can
Place Your Business Here
To Reach Wider Audience
For more info Call 905-793-2202 or e-mail ads@punjabipost.ca

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੁਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪੁਸਤਕ ਮੇਲੇ ਵਿੱਚ ਪਾਠਕਾਂ ਨੇ ਵਹੀਰਾਂ ਘੱਤੀਆਂ




ਪੁਸਤਕ ਮੇਲਾ ਜੋ ਕਿ ਗੁਲਾਟੀ ਪਬਲਿਸ਼ਰਜ਼ ਲਿਮ. ਸਰੀ (ਗਰੁੱਪ ਆਫ਼ ਚੇਤਨਾ ਪ੍ਰਕਾਸ਼ਨ, ਲੁਧਿਆਣਾ) ਵੱਲੋਂ 6 ਸਤੰਬਰ ਤੋਂ ਮਾਲਟਨ ਗੁਰਦੁਆਰੇ ਦੇ ਨਾਲ਼ ਸ਼ੇਰੇ ਪੰਜਾਬ ਪਲਾਜ਼ਾ ਦ ਗਰੇਟ ਪੰਜਾਬ ਬਿਜ਼ਨਿਸ ਸੈਂਟਰ, ਯੂਨਿਟ ਨੰ. 132 ਵਿੱਚ ਸ਼ੁਰੂ ਕੀਤਾ ਹੋਇਆ ਹੈ, ਅੱਜ ਤੇਰਵੇਂ ਦਿਨ 'ਚ ਦਾਖ਼ਲ ਹੋ ਗਿਆ ਹੈ।

ਇੱਥੇ ਪਾਠਕਾਂ ਦਾ ਲਗਾਤਾਰ ਆਉਣਾ, ਵਿਦਵਾਨਾਂ, ਬੁੱਧੀਜੀਵੀਆਂ, ਆਲੋਚਕਾਂ, ਸੰਪਾਦਕਾਂ, ਰੇਡੀਓ ਪਬੰਧਕਾਂ ਤੇ ਟੀ.ਵੀ. ਮੀਡੀਆ ਨਾ਼ਲ ਜੁੜੀਆਂ ਸ਼ਖਸੀਅਤਾਂ ਦਾ ਪੁਸਤਕ ਮੇਲੇ 'ਚ ਪੁਸਤਕਾਂ ਨਾਲ ਦੋਸਤੀ ਕਰਨਾ ਇਹ ਦਰਸਾਉਂਦਾ ਹੈ ਕਿ ਪੰਜਾਬੀ ਨੂੰ ਪਿਆਰ ਕਰਨ ਵਾਲੇ ਟੋਰਾਂਟੋ 'ਚ ਬਹੁਤ ਪਾਠਕ ਹਨ। ਲਗਾਤਾਰ ਰੋਜ਼ਾਨਾ ਅੱਠ-ਦਸ ਵਿਦਿਆਰਥੀਆਂ ਦਾ ਕਿਤਾਬਾਂ ਖ਼ਰੀਦਣ ਆਉਣਾ ਇਹ ਦਰਸਾਉਂਦਾ ਹੈ ਕਿ ਨਵੀਂ ਪਨੀਰੀ ਪੰਜਾਬੀ ਨਾ਼ਲ ਕਿੰਨੀ ਗੂੜੀ ਤਰਾਂ ਜੁੜੀ ਹੋਈ ਹੈ। ਪ੍ਰਮੁੱਖ ਲੇਖਕ, ਪ੍ਰਮੁੱਖ ਆਲੋਚਕ ਅਤੇ ਸਕਾਲਰ ਬਲਦੇਵ ਦੂਹੜੇ ਦਾ ਚਾਅ ਦੇਖਣ ਵਾਲਾ ਹੈ ਜਦੋਂ ਉਹ ਪੁਸਤਕਾਂ ਨੂੰ ਪਿਆਰ ਕਰਦੇ ਵਿਦਿਆਰਥੀਆਂ ਨੂੰ ਦੇਖਦਾ ਹੈ। ਜਿੱਥੇ ਸ਼ਮੀਲ ਆਪਣੇ ਪਾਠਕਾਂ ਨੂੰ ਪ੍ਰੇਰਿਤ ਕਰ ਰਿਹਾ ਹੈ ਉੱਥੇ ਪਵਨਦੀਪ ਫ਼ੋਨ ਰਾਹੀਂ ਲੋਕਾਂ ਨਾ਼ਲ ਸੰਪਰਕ ਬਣਾ ਰਿਹਾ ਹੈ। ਰਾਜਦੀਪ ਬੋਪਾਰਾਏਂ ਆਪਣੇ ਪ੍ਰੋਗਰਾਮਾਂ 'ਚ ਪਾਠਕਾਂ ਨੂੰ ਪ੍ਰੇਰਿਤ ਕਰ ਰਿਹਾ ਹੈ ਉੱਥੇ ਕੁਲਦੀਪ ਦੀਪਕ ਲਗਾਤਾਰ ਪਾਠਕਾਂ ਨੂੰ ਇਹ ਸੱਦਾ ਦੇ ਰਿਹਾ ਹੈ ਕਿ ਪੰਜਾਬੀਓ ਆਪਣੇ ਪਿਆਰਿਆਂ ਨੂੰ, ਆਪਣੇ ਪ੍ਰਸ਼ੰਸਕਾਂ ਨੂੰ ਆਪਣੀਆਂ ਸੈਲਫ਼ਾਂ 'ਚ ਸੰਭਾਲ ਕੇ ਰੱਖੋ। ਜਿੱਥੇ ਬਲਰਾਜ ਚੀਮਾ ਵਰਗਾ ਸਕਾਲਰ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਦਾ ਸੁਨੇਹਾ ਦਿੰਦਾ ਹੈ ਉੱਥੇ ਬਹੁਤ ਸਾਰੇ ਲੇਖਕ ਵਿਦਵਾਨ ਗਾਹੇ-ਬਗਾਹੇ ਨਜ਼ਰ ਮਾਰਦੇ ਤੇ ਕਿਤਾਬਾਂ ਦੇ ਧੁਰ ਅੰਦਰ ਉਤਰਦੇ ਚਲੇ ਜਾਂਦੇ ਹਨ। ਹੈਰਾਨੀ ਹੁੰਦੀ ਹੈ ਜਦੋਂ ਇਕ ਪਾਠਕ ਇੱਕ ਜਿਸ ਨੂੰ ਕਿਤਾਬਾਂ ਬਾਰੇ ਗਿਆਨ ਨਹੀਂ ਤੇ ਜਦੋਂ ਕਿਤਾਬਾਂ ਵੱਲ ਝਾਤੀ ਮਾਰਦਾ ਹੈ ਤੇ ਆਪਣੇ ਨਾ਼ਲ ਵੀਹ ਤੋਂ ਪੰਜਾਹ ਕਿਤਾਬਾਂ ਤੱਕ ਲੈ ਜਾਂਦਾ ਹੈ। ਇਉਂ ਲੱਗਦਾ ਹੈ ਕਿ ਪੰਜਾਬੀ ਨੂੰ ਪਿਆਰ ਕਰਨ ਵਾਲੇ ਟੋਰਾਂਟੋ-ਜੀਟੀ.ਆਰ. ਏਰੀਏ 'ਚ ਬਹੁਤ ਪ੍ਰਸ਼ੰਸਕ ਹਨ। ਸੋ ਇਹ ਪੰਜਾਬੀ ਦੇ ਪ੍ਰਸ਼ੰਸਕ ਹਨ ਇੱਕ ਟੀਮ ਵਰਕ ਹਨ ਜੋ ਪੰਜਾਬੀ ਨੂੰ, ਪੰਜਾਬੀ ਸਾਹਿਤ ਨੂੰ ਇੱਕ ਦੂਜੇ ਨਾ਼ਲ ਜੋੜਦੇ ਹਨ।ਪ੍ਰਸਿੱਧ ਕਵੀ ਡਾ. ਸੁਖਪਾਲ ਜਿਸਦਾ ਪੰਜਾਬੀ ਕਵਿਤਾ ਵਿੱਚ ਬੜਾ ਪ੍ਰਮੁੱਖ ਸਥਾਨ ਹੈ, ਦਾ ਪੱਬਾਂ ਭਾਰ ਹੋ ਕੇ ਆਉਣਾ ਤੇ ਪੰਜਾਬੀ ਪਾਠਕਾਂ ਨਾ਼ਲ ਵਾਰਤਾਲਾਪ ਕਰਨਾ ਇਹ ਦਰਸਾਉਂਦਾ ਹੈ ਕਿ ਪੰਜਾਬੀ ਨੂੰ ਕੋਈ ਖ਼ਤਰਾ ਨਹੀਂ, ਖ਼ਤਰਾ ਹੈ ਤਾਂ ਸਿਆਸਤਦਾਨਾਂ ਤੋਂ ਖਤਰਾ ਹੈ। ਇਸੇ ਤਰਾਂ ਸਤਬੀਰ ਸਿੰਘ ਦਾ ਲਗਾਤਾਰ ਵਿਚਰਨਾ, ਪਵਨਜੀਤ ਦਾ ਕਿਤਾਬਾਂ ਨੂੰ ਪਿਆਰ ਕਰਨਾ, ਇਕਬਾਲ ਮਾਹਲ ਦਾ ਲੋਕਾਂ ਨੂੰ, ਪਾਠਕਾਂ ਨੂੰ ਪ੍ਰੇਰਿਤ ਕਰਨਾ ਇਹ ਦਰਸਾਉਂਦਾ ਹੈ ਕਿ ਪੰਜਾਬੀ ਪੁਸਤਕਾਂ ਲਗਾਤਾਰ ਪੜੀਆਂ ਜਾਂਦੀਆਂ ਰਹਿਣਗੀਆਂ। ਅਨੁਰੀਤ ਕੌਰ, ਤਵਿਸ਼ ਨਕਵੀ, ਸ਼ਮੀਲ, ਉਂਕਾਰਪ੍ਰੀਤ, ਜਸਵਿੰਦਰ ਸਿੱਧੂ, ਜੱਗੀ ਬਰਾੜ, ਪੰਕਜ ਸ਼ਰਮਾ, ਜਸਪਾਲ ਬਰਾੜ ਅਨੇਕਾਂ ਉਹ ਪਾਠਕ ਹਨ ਜੋ ਲਗਾਤਾਰ ਕਿਤਾਬਾਂ ਦਾ ਆਰਡਰ ਵੀ ਦੇ ਰਹੇ ਹਨ ਤੇ ਹਰ ਦੂਜੇ-ਤੀਜੇ ਦਿਨ ਕਿਤਾਬਾਂ 'ਚ ਝਾਤੀ ਮਾਰ ਕੇ ਆਪਣੇ ਨਾ਼ਲ ਕਿਤਾਬਾਂ ਦੇ ਕੁਝ ਬੰਡਲ ਲਿਜਾਂਦੇ ਦੇਖੇ ਗਏ ਹਨ। ਗੁਰਬਖ਼ਸ਼ ਭੰਡਾਲ ਦੀਆਂ ਨਵੀਆਂ ਪੁਸਤਕਾਂ ਧੁੱਪ ਦੀਆਂ ਕਣੀਆਂ ਤੇ ਰੂਹ ਰੇਜ਼ਾ ਵੀ ਚਰਚਾ ਦਾ ਕੇਂਦਰ ਹਨ। ਸਭ ਤੋਂ ਚਰਚਾ ਦਾ ਕੇਂਦਰ ਹੈ, ਬਾਬਾ ਨਜ਼ਮੀ ਦੀ ਮੈਂ ਇਕਬਾਲ ਪੰਜਾਬੀ ਦਾ ਜੋ ਹਰ ਪਾਠਕ ਆਪਣੇ ਨਾ਼ਲ ਲਿਜਾਣ ਦੀ ਲੋਚਾ ਰੱਖਦਾ ਹੈ। ਇਸ ਦੇ ਨਾ਼ਲ ਹੀ 101 ਸਾਲਾ ਨੌਜਵਾਨ ਜਸਵੰਤ ਸਿੰਘ ਕੰਵਲ ਦੀਆਂ ਕਿਤਾਬਾਂ ਨੂੰ ਲੋਕ ਉਸੇ ਤਰਾਂ ਪਿਆਰ ਕਰ ਰਹੇ ਹਨ, ਜਿਵੇਂ ਸੂਫ਼ੀ ਕਾਵਿ ਨੂੰ ਪਿਆਰ ਕਰਦੇ ਹਨ, ਜਿਵੇਂ ਸ਼ਿਵ ਨੂੰ ਪਿਆਰ ਕਰਦੇ ਹਨ, ਜਿਵੇਂ ਬੁਲੇਸ਼ਾਹ ਨੂੰ ਪਿਆਰ ਕਰਦੇ ਹਨ, ਜਿਵੇਂ ਹੀਰ ਵਾਰਿਸ ਨੂੰ ਪਿਆਰ ਕਰਦੇ ਹਨ, ਜਿਵੇਂ ਗੁਲਾਮ ਫ਼ਰੀਦ ਨੂੰ ਪਿਆਰ ਕਰਦੇ ਹਨ। ਜਸਵੰਤ ਸਿੰਘ ਕੰਵਲ ਦੀਆਂ ਕਿਤਾਬਾਂ ਧੁਰ ਦਰਗਾਹ, ਸੱਚ ਨੂੰ ਫ਼ਾਂਸੀ,ਹਾਣੀ, ਪੂਰਨਮਾਸ਼ੀ, ਲਹੂ ਦੀ ਲੋਅ ਨੂੰ ਵੀ ਓਨਾ ਹੀ ਸਤਿਕਾਰ-ਮਾਣ ਪਾਠਕਾਂ ਵੱਲੋਂ ਹਾਸਿਲ ਹੋ ਰਿਹਾ ਹੈ। ਜੇ ਬਲਵੰਤ ਗਾਰਗੀ ਦੀਆਂ ਸ਼ਰਬਤ ਦੀਆਂ ਘੁੱਟਾਂ ਦੀ ਲਗਾਤਾਰ ਡਿਮਾਂਡ ਵੱਧ ਰਹੀ ਹੈ ਉੱਥੇ ਅੰਮ੍ਰਿਤਾ ਪ੍ਰੀਤਮ ਦੀ ਸ਼ਤਾਬਦੀ ਨੂੰ ਮੁੱਖ ਰੱਖ ਕੇ ਪੁਸਤਕ ਮੇਲੇ 'ਚ ਅੰਮ੍ਰਿਤਾ ਪ੍ਰੀਤਮ ਦੇ ਚਾਲੀ ਟਾਈਟਲ ਹੋਣਾ ਇਹ ਦਿਖਾਉਂਦਾ ਹੈ ਕਿ ਪੰਜਾਬੀ ਪਾਠਕ ਅੰਮ੍ਰਿਤਾ ਪ੍ਰੀਤਮ ਨੂੰ, ਅੰਮ੍ਰਿਤਾ ਪ੍ਰੀਤਮ ਦੀਆਂ ਪੁਸਤਕਾਂ ਨੂੰ ਕਿੰਨਾ ਪਿਆਰ ਦਿੰਦੇ ਹਨ। ਸ਼ਿਵਚਰਨ ਸਿੰਘ ਜੱਗੀ ਕੁੱਸਾ, ਬੂਟਾ ਸਿੰਘ ਸ਼ਾਦ, ਬਲਦੇਵ ਸਿੰਘ ਸੜਕਨਾਮਾ ਦੀ ਲਾਲਬੱਤੀ, ਅੰਨਦਾਤਾ, ਸਤਲੁਜ ਵਹਿੰਦਾ ਰਿਹਾ ਤੇ ਬਹੁਤ ਚਰਚਿਤ ਪੁਸਤਕ ਸੂਰਜ ਦੀ ਅੱਖ ਨੂੰ ਵੀ ਬਹੁਤ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਉੱਥੇ ਮਨਮੋਹਨ ਬਾਵਾ ਦੇ ਨਵੇਂ ਨਾਵਲ ਸ਼ੇਰ ਸ਼ਾਹ ਸੂਰੀ, ਯੁੱਧ ਨਾਦ, ਯੁੱਗ ਅੰਤ,ਅਫ਼ਗਾਨਿਸਤਾਨ ਦੀ ਉਰਸਲਾ, ਲੱਦਾਖ ਤੇ ਹੋਰ ਯਾਤਰਾਵਾਂ ਤੇ ਤੁਸੀਂ ਵੀ ਚੱਲੋ ਨਾ਼ਲ, ਜੰਗਲ ਪਰਬਤ ਵਰਗੇ ਸਫ਼ਰਨਾਮਿਆਂ ਨੂੰ ਵੀ ਨੂੰ ਪਾਠਕ ਭਰਵਾਂ ਹੁੰਗਾਰਾ ਦੇ ਰਹੇ ਹਨ। ਇਸ ਦੇ ਨਾ਼ਲ-ਨਾ਼ਲ ਹੀ ਜਿੱਥੇ ਜਸਵੰਤ ਜ਼ਫ਼ਰ ਦੀਆਂ ਕਿਤਾਬਾਂ ਨੂੰ ਪੜਨ ਦੀ ਰੁਚੀ ਪਾਠਕ ਲੈ ਰਿਹਾ ਹੈ ਉੱਥੇ ਤਾਹਿਰਾ ਸਰਾ ਦੀ ਪੁਸਤਕ ਸ਼ੀਸ਼ਾ ਨੂੰ ਵੀ ਹੁੰਗਾਰਾ ਦੇ ਰਹੇ ਹਨ। ਗੁਰਤੇਜ ਕੋਹਾਰਵਾਲਾ ਦੀ ਪੁਸਤਕ ਪਾਣੀ ਦਾ ਹਾਸ਼ੀਆ ਨੂੰ, ਵਿਜੇ ਵਿਵੇਕ ਦੀ ਪੁਸਤਕ ਚੱਪਾ ਕੁ ਪੂਰਬ ਨੂੰ ਅਤੇ ਉਸ ਦੇ ਨਾ਼ਲ ਰਣਬੀਰ ਰਾਣਾ ਜੋ ਕਿ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ ਜਿਸ ਦੀਆਂ ਚਾਰੇ ਕਿਤਾਬਾਂ ਜ਼ਿੰਦਗੀ ਜ਼ਿੰਦਾਬਾਦ, ਦੀਵਾ, 20 ਨਵੰਬਰ ਤੇ ਕਿਣਮਿਣ ਤਿਪਤਿਪ ਕਿਉਂਕਿ ਰਾਣਾ ਰਣਬੀਰ ਨੇ ਪਿਛਲੇ ਦਿਨੀਂ ਹੀ ਇੱਥੇ ਜ਼ਿੰਦਗੀ ਜ਼ਿੰਦਾਬਾਦ ਬਹੁਤ ਹੀ ਵੱਡਾ ਨਾਟਕ ਖੇਡਿਆ ਹੈ ਜਿਸ ਕਰਕੇ ਲੋਕਾਂ ਹਾਲੇ ਤੱਕ ਵੀ ਉਸ ਦੇ ਸੰਵਾਦਾਂ 'ਚ ਗਿਚਮਿਚ ਹੋਏ ਪਏ ਹਨ। ਇਸ ਦੇ ਨਾ਼ਲ ਹੀ ਸੁਰਜੀਤ ਪਾਤਰ ਨੇ ਪਿਛਲੇ ਦਿਨੀਂ ਜੋ ਲਗਾਤਾਰ ਵੱਡੀ ਨਾਈਟ ਕੀਤੀ ਉਸਦਾ ਅਸਰ ਵੀ ਪਾਠਕਾਂ 'ਚ ਦੇਖਣ ਨੂੰ ਮਿਲ ਰਿਹਾ ਹੈ। ਇਸੇ ਤਰਾਂ ਪੁਸਤਕ ਮੇਲਾ ਚੌਦਵੇਂ ਦਿਨ ਪਹੁੰਚਦਾ ਪਹੁੰਚਦਾ ਅਗਲੇਰੇ ਸਫ਼ਰ ਵੱਲ ਵਧ ਰਿਹਾ ਹੈ। ਇਹ ਪੁਸਤਕ ਮੇਲਾ 6 ਅਕਤੂਬਰ ਤੱਕ ਇਸੇ ਸਥਾਨ 'ਤੇ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਚਲਦਾ ਰਹੇਗਾ। ਇਸ ਦੇ ਸੰਚਾਲਕ ਤੇ ਸ਼ਾਇਰ ਸਤੀਸ਼ ਗੁਲਾਟੀ ਨਾ਼ਲ 778-320-2551 'ਤੇ ਪਾਠਕ ਸੰਪਰਕ ਕਰ ਸਕਦੇ ਹਨ। ਪਾਠਕਾਂ ਨੂੰ ਬਹੁਤ ਸਾਰੇ ਬੁੱਧੀਜੀਵੀਆਂ ਨੇ, ਵਿਦਵਾਨਾਂ ਨੇ ਤੇ ਮੀਡੀਆ ਪ੍ਰਸੈਨਲਟੀਆਂ ਖ਼ਾਸ ਕਰਕੇ ਰੇਡੀਓ ਤੇ ਟੀ.ਵੀ. ਦੇ ਪ੍ਰਬੰਧਕਾਂ ਤੇ ਹੋਸਟਸ ਨੇ ਬੇਨਤੀ ਕੀਤੀ ਹੈ ਕਿ ਆਓ ਪੁਸਤਕ ਮੇਲੇ 'ਚ ਵਧ ਚੜ ਕੇ ਹਿੱਸਾ ਪਾਈਆਂ ਤਾਂ ਕਿ ਸਾਡੀਆਂ ਸੈਲਫ਼ਾਂ 'ਚ, ਘਰਾਂ 'ਚ ਤੇ ਲਾਇਬ੍ਰੇਰੀਆਂ 'ਚ ਪੁਸਤਕਾਂ ਸਾਡਾ ਜੀਵਨ ਮਾਰਗ ਦਰਸ਼ਕ ਬਣਨ ਤੇ ਸਾਡੇ ਲਈ ਨਵੇਂ ਦ੍ਰਿਸ਼ਟੀਕੋਣ ਪੈਦਾ ਕਰਨ। ਸੋ ਪੁਸਤਕ ਮੇਲੇ 'ਚ ਸਾਰਿਆਂ ਨੂੰ ਨਿੱਘਾ ਸੱਦਾ ਹੈ ਜਿਹੜੇ ਹੁਣ ਤੱਕ ਨਹੀਂ ਪਹੁੰਚ ਸਕੇ, ਉਹ ਪੁਸਤਕ ਮੇਲੇ 'ਚ ਜ਼ਰੂਰ ਸ਼ਿਰਕਤ ਕਰਨ ਤਾਂ ਜੋ ਉਹ ਪੁਸਤਕਾਂ ਪਾਠਕ ਦੇ ਚਿਹਰੇ ਪੜਨਾ ਸ਼ੁਰੂ ਕਰ ਦੇਣ।

# ਨਿਊਜ਼ੀਲੈਂਡ ਸਿੱਖ ਖੇਡਾਂ-2019 'ਚ ਭਾਗ ਲੈਣ ਲਈ ਖੇਡ ਟੀਮਾਂ ਅਤੇ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਨੇ ਸੈਂਕੜੇ ਦਾ ਅੰਕੜਾ ਪਾਰ ਕੀਤਾ

## ਕਬੱਡੀ ਮੈਚਾਂ ਲਈ ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਵੀ ਪੂਰੀ ਤਰ੍ਹਾਂ ਤਿਆਰ ਨਜ਼ਰ ਆਈ



ਔਕਲੈਂਡ, 17 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)- ਕਹਿੰਦੇ ਨੇ ਘਰ ਦੇ ਵਿਚ ਕਿੱਡੀ ਵੱਡੀ ਖੁਸ਼ੀਆਂ ਦੀ ਦਸਤਕ ਹੋਣ ਵਾਲੀ ਹੈ , ਉਸਦਾ ਅੰਦਾਜ਼ਾ ਘਰ ਅੰਦਰ ਹੋਣ ਵਾਲੀਆਂ ਤਿਆਰੀਆਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਅੱਜ ਪਹਿਲੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਜੋ ਕਿ 30 ਨਵੰਬਰ ਅਤੇ 1 ਦਸੰਬਰ ਨੂੰ ਪੁਲਮਨ ਪਾਰਕ ਟਾਕਾਨੀਨੀ ਵਿਖੇ ਹੋ ਰਹੀਆਂ ਹਨ ਸਬੰਧੀ ਪ੍ਰਬੰਧਕਾਂ ਨੇ ਆਪਣੇ ਸਾਰੇ ਖੇਡ ਕੋਆਰਡੀਨੇਟਰਜ਼, ਸਭਿਆਚਾਰਕ ਕੋਆਰਡੀਨੇਜ਼ਰਜ਼, ਈਵੈਂਟ ਮੈਨੇਜਮੈਂਟ ਅਤੇ ਮੀਡੀਆ ਪਾਰਟਨਰਜ਼ ਦੇ ਹੁਣ ਤੱਕ ਦੀ ਜਾਣਕਾਰੀ ਸਾਂਝੀ ਕੀਤੀ। ਅੱਜ ਦੀ ਮੀਟਿੰਗ ਸਾਰੇ ਖੇਡ ਕੋਆਰਡੀਨੇਟਰਜ਼ ਦੇ ਨਾਲ ਇਕ ਸੰਖੇਪ ਅੱਪਡੇਟਸ ਦੇ ਨਾਲ ਸ਼ੁਰੂ ਹੋਈ। ਖੇਡ ਟੀਮਾਂ ਦੀ ਰਜਿਸਟ੍ਰੇਸ਼ਨ ਸੈਂਕੜੇ ਦਾ ਅੰਕੜਾ ਪਾਰ ਕਰ ਚੁੱਕੀ ਹੈ। ਸ. ਦਲਜੀਤ ਸਿੰਘ ਸਿੱਧੂ ਨੇ ਸਾਰਿਆਂ ਨੂੰ ਹੁਣ ਤੱਕ ਦੀ ਤਾਲਮੇਲ ਸਬੰਧੀ ਸਾਂਝ ਪਾਈ। ਇਸ ਉਪਰੰਤ ਹਲਕੇ ਸੰਗੀਤਕ ਮਾਹੌਲ ਅਤੇ ਮਿਕਸ ਐਂਡ ਮਿੰਗਲ ਦੇ ਨਾਲ ਚਾਹ-ਪਾਣੀ ਦਾ ਦੌਰ ਚੱਲਿਆ। ਕਾਨਫਰੰਸ ਦੀ ਸ਼ੁਰੂਆਤ ਪ੍ਰਸਿੱਧ ਐਕਟਰ ਤੇ ਨਿਊਜ਼ ਰੀਡਰ ਸ. ਅਰਵਿੰਦਰ ਸਿੰਘ ਭੱਟੀ ਦੇ ਵੀਡੀਓ ਸੁਨੇਹੇ ਨਾਲ ਹੋਈ। ਸਿੱਖ ਖੇਡਾਂ ਦੇ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਤੇ ਪ੍ਰਸਿੱਧ ਗੀਤਕਾਰ ਹਰਵਿੰਦਰ ਓਹੜਪੁਰੀ ਦਾ ਲਿਖਿਆ ਗੀਤ 'ਸਿੱਖ ਖੇਡਾਂ ਨਿਊਜ਼ੀਲੈਂਡ ਦੀਆਂ ਹਨ ਸ਼ਾਨ ਪੰਜਾਬੀਆਂ ਦੀ' ਜੋ ਕਿ ਪੰਜਾਬ ਦੇ ਬਹੁਤ ਹੀ ਹਰਮਨ ਪਿਆਰੇ ਗਾਇਕ ਹਰਮਿੰ-ਦਰ ਨੂਰਪੁਰੀ (ਕਰ ਕ੍ਰਿਪਾ ਫੇਮ) ਨੇ ਗਾਇਆ ਹੈ, ਵੀ ਸੁਣਾਇਆ ਗਿਆ। ਇਸ ਗੀਤ ਦਾ ਮਿਊਜ਼ਿਕ ਵਿਸ਼ਵ ਪ੍ਰਸਿੱਧ ਜੋੜੀ ਜੱਸੀ ਬ੍ਰਦਰਜ਼ ਨੇ ਤਿਆਰ ਕੀਤਾ ਹੈ। ਸਟੇਜ ਸੰਚਾਲਨ ਸ. ਪਰਮਿੰਦਰ ਸਿੰਘ ਨੇ ਸੰਭਾਲਦਿਆਂ ਇਸ ਮੀਟਿੰਗ ਨੂੰ ਏਜੰਡੇ ਦੀ ਲਾਈਨ ਉਤੇ ਲਿਆਂਦਾ। ਈਵੈਂਟ ਸੁਰੱਖਿਆ, ਹੈਲਥ ਐਂਡ ਸੇਫਟੀ, ਮੁਫਤ ਜਨਕ ਟਰਾਂਸਪੋਰਟ, ਵਿਦੇਸ਼ੀ ਖਿਡਾਰੀਆਂ ਵਾਸਤੇ ਰਿਹਾਇਸ ਅਤੇ ਟਰਾਂਸਫਰਜ਼, ਖੇਡਾਂ ਦੀਆਂ ਸ਼੍ਰੇਣੀਆ ਆਦਿ ਉਤੇ ਗੱਲਬਾਤ ਹੋਈ। ਸਭ ਤੋਂ ਪਹਿਲਾਂ ਸ. ਦਲਜੀਤ ਸਿੰਘ ਸਿੱਧੂ ਨੇ ਵਿਸਥਾਰ ਰੂਪ ਵਿਚ ਹੁਣ ਤੱਕ ਕੀਤੇ ਗਏ ਪ੍ਰਬੰਧਾਂ ਦਾ ਵੇਰਵਾ ਸਾਂਝਾ ਕੀਤਾ। ਖੇਡਾਂ ਦੀ ਰਜਿਟ੍ਰੇਸ਼ਨ ਜੋ ਕਿ ਸੈਂਕੜੇ ਤੋਂ ਟੱਪ ਗਈ ਹੈ ਬਾਰੇ ਤਸੱਲੀ ਪ੍ਰਗਟ ਕਰਦਿਆਂ ਖੇਡਾਂ ਦੀ ਪੂਰੇ ਮੁਲਕ ਦੇ ਵਿਚ ਬੱਲੇ-ਬੱਲੇ ਹੋਣ ਦੀ ਆਸ ਪ੍ਰਗਟ ਕੀਤੀ ਗਈ। ਇਸ ਖੇਡ ਮੇਲੇ ਵਿਚ ਸ਼ਾਮਿਲ ਮਹਿਲਾ ਤੇ ਪੁਰਸ਼ ਕਬੱਡੀ, ਐਥਲੈਟਿਕਸ, ਹਾਕੀ, ਬਾਸਕਟਬਾਲ, ਵਾਲੀਵਾਲ, ਵਾਲੀਵਾਲ ਸ਼ੂਟਿੰਗ, ਨੈਟਬਾਲ, ਗੋਲਫ, ਟੈਨਿਸ, ਬੈਡਮਿੰਟਨ, ਕ੍ਰਿਕਟ, ਰੈਸਲਿੰਗ, ਟੱਚ ਰਗਬੀ, ਸ਼ੂਟਿੰਗ, ਗਤਕਾ, ਦਸਤਾਰ ਕੰਪੀਟੀਸ਼ਨ ਅਤੇ ਸਭਿਆਚਾਰਕ ਪ੍ਰੋਗਰਾਮ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਰਜਿਸਟ੍ਰੇਸ਼ਨ ਸਬੰਧੀ ਅੱਪਡੇਟ, ਤਾਲਮੇਲ ਅਤੇ ਜ਼ਿੰਮੇਵਾਰੀਆਂ, ਸਪਾਂਸਰਜ਼ ਦੇ ਲਈ ਮੌਕੇ ਅਤੇ ਪ੍ਰਸ਼ਨ ਉਤਰ ਵੀ ਹੋਏ। ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਪਹੁੰਚੇ ਅਹੁਦੇਦਾਰ ਵੀ ਕਬੱਡੀ ਮੇਚਾਂ ਲਈ ਪੂਰੀ ਤਰ੍ਹਾਂ ਤਿਆਰ ਬਰ ਤਿਆਰ ਨਜ਼ਰ ਆਏ। ਕੋਆਰਡੀਨੇਟਰ ਇਸ ਤਰ੍ਹਾਂ ਹਨ: ਫੁੱਟਬਾਲ-ਸਤਨਾਮ ਬੈਂਸ, ਸਰਬਜੀਤ ਸਿੰਘ ਢਿੱਲੋਂ, ਸਾਬੀ ਢਿੱਲੋਂ, ਮਹਿਲਾ ਫੁੱਟਬਾਲ-ਹਰਸ਼ੀ ਬੈਂਸ, ਰਾਜ ਮੁੰਡੀ, ਹਾਕੀ-ਗੁਰਪ੍ਰੀਤ ਸਿੰਘ, ਅਮਿੰ-ਦਰਪਾਲ ਸਿੰਘ ਗਿੱਲ, ਬਾਸਕਟਬਾਲ-ਕਮਲ ਢੱਟ, ਅਨੂਪ ਬਸਰਾ, ਰਾਜ ਥਾਂਦੀ, ਵਾਲੀਬਾਲ ਸ਼ੂਟਿੰਗ-ਅਮਨਜੋਤ ਸਿੰਘ, ਗੁਰਪ੍ਰੀਤ ਸਿੰਘ, ਵਾਲੀਵਾਲ-ਬੀਰ ਬੇਅੰਤ, ਹਰਪਾਲ ਲੋਹੀ, ਗੈਰੀ, ਨੈਟਬਾਲ-ਸਤਵਿੰਦਰ ਗਿੱਲ, ਗੋਲਫ-ਖੜਗ ਸਿੰਘ, ਪਰਮਿੰਦਰ ਤੱਖਰ, ਬੈਡਮਿੰਟਨ-ਸੰਨੀ ਸਿੰਘ, ਰੁਪਿੰਦਰ ਵਿਰਕ, ਕ੍ਰਿਕਟ-ਜਸਪ੍ਰੀਤ ਸਿੰਘ, ਸਾਹਿਬਪ੍ਰੀਤ ਸਿੰਘ, ਰੈਸਲਿੰਗ-ਗਗਨਦੀਪ, ਮੇਹਰ ਸਿੰਘ, ਟੱਚ ਰਗਬੀ-ਹਰਪਾਲ ਸਿੰਘ, ਹਰਿੰਦਰ ਮਾਨ, ਸ਼ੂਟਿੰਗ-ਰਣਵੀਰ ਸਿੰਘ ਸੰਧੂ, ਲਾਲੀ ਸੰਧੂ, ਗਤਕਾ-ਹਰਜੋਤ ਸਿੰਘ, ਮੰਦੀਪ ਸਿੰਘ, ਦਸਤਾਰ ਮੁਕਾਬਲੇ-ਦਿਲਬਾਗ ਸਿੰਘ, ਰਾਜਾ ਸਿੰਘ, ਸਭਿਆਚਾਰਕ ਪ੍ਰੋਗਰਾਮ-ਪਰਮਿੰਦਰ ਸਿੰਘ, ਨਵਤੇਜ ਰੰਧਾਵਾ, ਸ਼ਰਨਜੀਤ, ਲਵਲੀਨ ਨਿੱਜਰ ਅਤੇ ਚਰਨਜੀਤ ਕੌਰ ਸਿੱਧੂ। ਅੱਜ ਦੇ ਸਮਾਗਮ ਵਿਚ 150 ਤੋਂ ਵੱਧ ਸਖਸ਼ੀਅਤਾਂ ਇਨ੍ਹਾਂ ਖੇਡਾਂ ਦੇ ਵਿਚ ਪੂਰਾ ਸਹਿਯੋਗ ਕਰਨ ਲਈ ਜੁੜੀਆਂ। ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਵੀ ਇਸ ਮੌਕੇ ਪਹੁੰਚੇ। ਹਰਪਾਲ ਸਿੰਘ ਪਾਲ ਵੱਲੋਂ ਸਾਊਂਡ ਦੀ ਸੇਵਾ ਜਦ ਕਿ ਖਾਣ-ਪੀਣ ਦਾ ਪ੍ਰਬੰਧ ਇੰਡੀਅਨ ਐਕਸੈਂਟ ਵੱਲੋਂ ਕੀਤਾ ਗਿਆ ਸੀ। ਪੰਜਾਬੀ ਮੀਡੀਆ ਕਰਮੀਆਂ ਤੋਂ ਇਲਾਵਾ ਅਪਨਾ ਟੀ. ਵੀ. ਚੈਨਲ ਵਾਲੇ ਵੀ ਕਵਰ ਕਰਨ ਪਹੁੰਚੇ ਸਨ। ਪ੍ਰਬੰਧਕਾਂ ਵੱਲੋਂ ਪਹੁੰਚੇ ਸਾਰੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

# ਬਲਾਤਕਾਰ ਅਤੇ ਪਾਕਸੋ ਕੇਸਾਂ ਦੀ ਜਲਦੀ ਸੁਣਵਾਈ ਲਈ 1023 ਵਿਸ਼ੇਸ਼ ਅਦਾਲਤਾਂ ਬਣਨਗੀਆਂ

ਨਵੀਂ ਦਿੱਲੀ, 16 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਦੇਸ਼ ਵਿੱਚ ਔਰਤਾਂ ਤੇ ਬੱਚਿਆਂ ਦੇ ਖਿਲਾਫ ਅਪਰਾਧ ਦੇ ਕੇਸਾਂ ਦੀ ਸੁਣਵਾਈ ਵਿੱਚ ਤੇਜ਼ੀ ਲਿਆਉਣ ਲਈ ਕੁੱਲ 1023 ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਕਰਨ ਦੀ ਤਿਆਰੀ ਕਰ ਰਹੀ ਹੈ। ਦੇਸ਼ ਵਿੱਚ ਅਜਿਹੇ 1.66 ਲੱਖ ਤੋਂ ਵੱਧ ਮੁਕੱਦਮੇ ਵਿਚਾਰ ਅਧੀਨ ਹਨ।

ਕੇਂਦਰੀ ਕਾਨੂੰਨ ਮੰਤਰਾਲੇ ਹੇਠਲੇ ਕਾਨੂੰਨ ਵਿਭਾਗ ਵੱਲੋਂ ਤਿਆਰ ਕੀਤੇ ਪ੍ਰਸਤਾਵ ਵਿੱਚ ਕਿਹਾ ਗਿਆ ਹੈ ਕਿ ਹਰੇਕ ਵਿਸ਼ੇਸ਼ ਅਦਾਲਤ ਤੋਂ ਹਰ ਸਾਲ ਘੱਟੋ ਘੱਟ ਅਜਿਹੇ 165 ਕੇਸਾਂ ਦਾ ਨਿਪਟਾਰਾ ਕੀਤੇ ਜਾਣ ਦੀ ਆਸ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਕੁੱਲ 1023 ਵਿਸ਼ੇਸ਼ ਅਦਾਲਤਾਂ ਦੀ ਸਥਾਪਨਾ ਹੋਵੇਗੀ। ਸੁਪਰੀਮ ਕੋਰਟ ਦੇ ਹੁਕਮਾਂ ਦੇ ਅਨੁਸਾਰ ਇਨ੍ਹਾਂ ਵਿੱਚੋਂ 389 ਅਦਾਲਤਾਂ ਖਾਸ ਤੌਰ 'ਤੇ ਯੌਨ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪਾਕਸੋ) ਐਕਟ ਹੇਠ ਦਰਜ ਕੇਸਾਂ ਦੀ ਸੁਣਵਾਈ ਕਰਨਗੀਆਂ। ਬਾਕੀ 634 ਅਦਾਲਤਾਂ ਜਾਂ ਤਾਂ ਬਲਾਤਕਾਰ ਦੇ ਕੇਸਾਂ ਜਾਂ ਪਾਕਸੋ ਕਾਨੂੰਨ ਦੇ ਕੇਸਾਂ ਦੀ ਸੁਣਵਾਈ ਕਰਨਗੀਆਂ। ਕਾਨੂੰਨ ਮੰਤਰਾਲਾ ਕਹਿ ਚੁੱਕਾ ਹੈ ਕਿ ਇਨ੍ਹਾਂ ਅਦਾਲਤਾਂ ਦੀ ਸਥਾਪਨਾ ਦੋ ਅਕਤੂਬਰ ਤੋਂ ਸ਼ੁਰੂ ਹੋਵੇਗੀ।

# ਸੇਵਾਕਾਲ ਵਿੱਚ ਤਨਖਾਹ ਨਾ ਲੈਣ ਵਾਲਾ ਅਧਿਆਪਕ ਕੋਰਟ ਵਿੱਚ ਜਿੱਤਿਆ

ਨਵੀਂ ਦਿੱਲੀ, 17 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਬਿਹਾਰ ਦੇ ਇੱਕ ਸੇਵਾਮੁਕਤ ਅਧਿਆਪਕ ਨੂੰ ਵੱਡੀ ਰਾਹਤ ਦਿੱਤੀ ਹੈ। ਗੋਪਾਲ ਕ੍ਰਿਸ਼ਨ ਗੋਖਲੇ ਨਾਂਅ ਦੇ ਇਸ ਟੀਚਰ ਨੂੰ ਨਿਯੁਕਤੀ ਤੋਂ ਸੇਵਾਮੁਕਤੀ ਤੱਕ ਕਦੇ ਤਨਖਾਹ ਨਹੀਂ ਮਿਲੀ ਸੀ। ਸੁਪਰੀਮ ਕੋਰਟ ਨੇ ਉਨ੍ਹਾਂ ਦੀ ਪੂਰੇ ਤਨਖਾਹ ਦਾ ਭੁਗਤਾਨ ਕਰਨ ਦਾ ਹੁਕਮ ਦਿੱਤਾ ਹੈ। ਜਸਟਿਸ ਅਰੁਣ ਮਿਸ਼ਰ ਅਤੇ ਜਸਟਿਸ ਐਮ ਆਰ ਸ਼ਾਹ ਦੀ ਬੈਂਚ ਨੇ ਇਹ ਹੁਕਮ ਦਿੱਤਾ ਹੈ।

ਬਿਹਾਰ ਦੇ ਸਲੇਮਪੁਰ ਵਿਚਲੇ ਭਰਤ ਮਿਸ਼ਰਾ ਸੰਸਕ੍ਰਿਤ ਕਾਲਜ ਵਿੱਚ ਜੁਲਾਈ 1980 ਵਿੱਚ ਗੋਖਲੇ ਨਾਂਅ ਦੇ ਟੀਚਰ ਦੀ ਨਿਯੁਕਤੀ ਹੋਈ ਸੀ ਅਤੇ ਉਹ ਜੁਲਾਈ 2013 ਵਿੱਚ ਰਿਟਾਇਰ ਹੋਏ ਸਨ। 72 ਸਾਲਾ ਗੋਖਲੇ ਦੇ ਵਕੀਲਾਂ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਕਾਲਜ ਕਮੇਟੀ ਨੇ ਉਨ੍ਹਾਂ ਦੇ ਬਕਾਏ ਦਾ ਭੁਗਤਾਨ ਬਾਰੇ ਸਹਿਯੋਗ ਨਹੀਂ ਕਰ ਰਹੀ। ਉਨ੍ਹਾਂ ਦੇ ਇੱਕ ਹੋਰ ਵਕੀਲ ਨੇ ਦੱਸਿਆ ਕਿ ਇੱਕ ਹੋਰ ਬੁਲਾਰੇ ਨਾਲ ਕਾਨੂੰਨੀ ਲੜਾਈ ਦੇ ਕਾਰਨ ਗੋਖਲੇ ਦੇ ਬਕਾਏ ਦਾ ਭੁਗਤਾਨ ਨਹੀਂ ਹੋ ਸਕਿਆ।

ਅਸਲ ਵਿੱਚ ਕਾਮੇਸ਼ਵਰ ਸਿੰਘ ਦਰਭੰਗਾ ਸੰਸਕ੍ਰਿਤ ਯੂਨੀਵਰਸਿਟੀ ਨਾਲ ਸੰਬੰਧਤ ਇਸ ਕਾਲਜ ਵਿੱਚ 31 ਜੁਲਾਈ 1980 ਤੋਂ ਗੋਖਲੇ ਦੇ ਨਾਲ ਪ੍ਰੇਮ ਕੁਮਾਰੀ ਦੀ ਨਿਯੁਕਤੀ ਵੀ ਇਸੇ ਅਹੁਦੇ ਉਤੇ ਨਿਯੁਕਤ ਹੋਈ ਸੀ। ਇਸ਼ਤਿਹਾਰ ਇੱਕ ਅਹੁਦੇ ਲਈ ਨਿਕਲਿਆ ਸੀ। ਪ੍ਰੇਮ ਕੁਮਾਰੀ ਦੀ ਨਿਯੁਕਤੀ ਇਤਿਹਾਸ ਦੀ ਆਸਾਮੀ ਲਈ ਹੋਈ ਸੀ। ਉਸੇ ਦਿਨ ਕਾਲਜ ਕਮੇਟੀ ਨੇ ਗੋਖਲੇ ਦੀ ਨਿਯੁਕਤੀ ਵੀ ਕਰ ਦਿੱਤੀ ਸੀ। ਪ੍ਰੇਮ ਕੁਮਾਰੀ ਦਾ ਕਹਿਣਾ ਸੀ ਕਿ ਗੋਖਲੇ ਇਕਨਾਮਿਕਸ ਦੇ ਟੀਚਰ ਸਨ, ਜਿਸ ਦਾ ਇਸ਼ਤਿਹਾਰ ਨਹੀਂ ਨਿਕਲਿਆ ਸੀ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਯੂਨੀਵਰਸਿਟੀ ਤੋਂ ਗੋਖਲੇ ਦੀ ਨਿਯੁਕਤੀ ਕਦੇ ਮਨਜ਼ੂਰੀ ਨਹੀਂ ਮਿਲੀ, ਜਦ ਕਿ ਗੋਖਲੇ ਨੇ ਪ੍ਰੇਮ ਕੁਮਾਰੀ ਦੀ ਨਿਯੁਕਤੀ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਸੀ ਕਿ ਨਿਯੁਕਤੀ ਦੇ ਸਮੇਂ ਉਹ ਪੋਸਟ ਗ੍ਰੈਜੂਏਟ ਵੀ ਨਹੀਂ ਸੀ। ਬਾਅਦ ਵਿੱਚ ਯੂਨੀਵਰਸਿਟੀ ਦੇ ਰਜਿਸਟਰਾਰ ਨੇ ਗੋਖਲੇ ਦੀ ਨਿਯੁਕਤੀ ਰੱਦ ਕਰ ਕੇ ਉਸ ਨੂੰ ਅਸਥਾਈ ਕਰ ਦਿੱਤਾ ਸੀ। ਉਨ੍ਹਾਂ ਨੇ ਇਸ ਨੂੰ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਕੋਰਟ ਦੇ ਹੁਕਮ ਉੱਤੇ ਜਾਂਚ ਹੋਈ, ਜਿਸ ਦੇ ਬਾਅਦ ਯੂਨੀਵਰਸਿਟੀ ਦੇ ਚਾਂਸਲਰ ਨੇ ਪ੍ਰੇਮ ਕੁਮਾਰੀ ਦੀ ਨਿਯੁਕਤੀ ਨੂੰ 2013 ਵਿੱਚ ਰੱਦ ਕਰ ਕੇ ਉਸ ਤੋਂ ਤਨਖਾਹ ਦੀ ਵਸੂਲੀ ਦਾ ਹੁਕਮ ਦਿੱਤਾ ਸੀ। ਸੁਪਰੀਮ ਕੋਰਟ ਨੇ ਗੋਖਲੇ ਦੇ ਨਾਲ ਹੀ ਪ੍ਰੇਮ ਕੁਮਾਰੀ ਨੂੰ ਵੀ ਰਾਹਤ ਦਿੱਤੀ ਹੈ। ਸੁਪਰੀਮ ਕੋਰਟ ਨੇ ਪ੍ਰੇਮ ਕੁਮਾਰੀ ਨੂੰ ਦੋਬਾਰਾ ਨਿਯੁਕਤ ਕਰਨ ਅਤੇ ਉਨ੍ਹਾਂ ਨੂੰ ਬਕਾਇਆ ਤਨਖਾਹ ਸਮੇਤ ਸਾਰੇ ਭੱਤੇ ਵੀ ਦੇਣ ਦਾ ਹੁਕਮ ਦਿੱਤਾ ਹੈ।







4 DAYS ONLY!
Mr.B's
LAST SHOE SALE OF THE YEAR!
$19.99 & UP!
SEPTEMBER 19-22
FEATURING SKECHERS & OTHER GREAT BRANDS!
NEW SHIPMENT OF SHOES JUST ARRIVED,
SPACE NEEDED FOR BOOTS AND XMAS INVENTORY,
LOWEST PRICES EVER!!
LIMITED QUANTITIES FOR SOME SIZES
PLUS
CAMPUS WEAR
CANADIAN & US COLLEGES, UNIVERSITIES & SPORTS TEAMS!
PENN STATE
AUBURN
UNIVERSITY OF TORONTO
THURS & FRI: 11-8
SAT & SUN: 10-4
1590 MATHESON BLVD., UNIT 16
905-629-1500
401 HWY
MATHESON BLVD EAST
COMFORT INN
MR.B'S
DIXIE RD
MATHESON BLVD
SISMET RD
AIMCO BLVD
CREEKBANK RD
EGLINTON AVE
N W E S
Follow us on
@mrbsfamoussale


ASIAN FOOD CENTRE
SUPER SALE
13TH TO 22ND SEP 2019
www.AsianFoodCentre.com
Fresh Fruits, Vegetables, Indian & Canadian Grocery
$9.99 GOLDEN TEMPLE ATTA (YELLOW BAG)
$11.99 PILLSBURRY CHAKKI ATTA
$9.99 ASHIRVAD ATTA 10KG
$6.99 AFC SELLA RICE
$8.99 ASIAN BASMATI RICE
$5.99 AFC BIRYANI RICE
$1.99 TILDA BROWN BASMATI
$6.99 QUALITY IDLI RICE
$4.29 BIKANERI PANEER (341G)
$2.29 SAFFRON
$1.79 POPULAR SAMOSA (400G)
$9.99 WAGHBAKRI TEA
$7.99 TEA INDIA
$4.29 FRONTIER COOKIES
$2.29 DEEP KESAR MANGO PULP
$19.99 TRUST SUGAR
$7.99 TRUST SUGAR
$2.99 MOTHER'S PICKLE
$4.29 ASIAN BESAN
3 FOR $2 GOOD DAY BISCUITS
2 FOR $5 TOOBA GINGER GARLIC PASTE (750ML)
$8.99 FROOTI
$2.99 HEINZ ASST KETCHUP
2 FOR $5 DABUR REAL JUICE
$5.99 POPULAR PARATHA
$1.99 MTR READY TO EAT
$6.99 DABUR MUSTARD OIL
$8.99 VERKA BROWN SUGAR
$6.99 APNA TASTE RASMALAI
$7.99 MAZOLA CORN/CANOLA OIL


$10.99 KASTURI TOOR DAAL(10LB)
$2.99 RED LENTIL
$2.99 WHITE CHANA
$3.49 BLACK CHANA
$2.99 MASSAR WHOLE
$4.99 APNA TASTE GULAB JAMUN
$3.29 MAGGI ASST SAUCE
$3.99 URAD WHOLE
$1.99 + TAX LINDA SOAP (270G)
$6.99 DILSE BROWN SUGAR
$1.49 MR. GOUDAS CHICK PEAS (796ML)
$.89 NUTRELA SOYA GRANULES (200G)
$.79 MR.GOUDAS SALT
$4.99 CASHEW PIECES
BUY 1 GET 1 FREE $5.99 + TAX SILKY BATHROOM TISSUE
$2.79 ASIAN/NOOR GAJJAK
2 FOR $1 BRITANNIA ASST CREAM TREAT
$6.99 BRITANNIA WHEAT RUSK CLUB PACK
$1.99 MTR DOSA, RAVA DOSA, RAVA IDLI, RICE IDLI, UTTAPAM
ASIAN FOOD CENTRE
VARIETIES OF MEAT AVAILABLE
(VISIT YOUR NEAREST LOCATION)
ETOBICOKE 10 Westmore Dr. 416-740-3262 MEAT SHOP AVAILABLE
MISSISSAUGA 1075 Ceremonial Dr 905-502-1600 MEAT SHOP AVAILABLE
BRAMPTON 621 Wanless Dr. 905-495-3336 MEAT SHOP AVAILABLE
BRAMPTON 2120 N Park Dr. 905-793-1338 MEAT SHOP AVAILABLE
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109 MEAT SHOP AVAILABLE
BRAMPTON 10510 Torbram Rd. 905-790-0030
BRAMPTON 10 Pannahill Dr. 905-913-8017 MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media

